# ਐਕਸੈਸੇਬਲ ਬੀ.ਸੀ. ਐਕਟ: 2023–2024 ਤਰੱਕੀ ਦੀ ਰਿਪੋਰਟ




BRITISH COLUMBIA

# ਵਿਸ਼ਾ-ਵਸਤੂ

**ਐਕਸੈਸੇਬਲ ਬੀ.ਸੀ. ਐਕਟ:** 2023–2024 ਤਰੱਕੀ ਰਿਪੋਰਟ .................. **7**

**ਹਿੱਸਾ 2:** ਮਾਨਤਾ ਅਤੇ ਜਵਾਬਦੇਹੀ.................................................. **8**

ਪਹੁੰਚਯੋਗਤਾ ਦਾ ਹਫਤਾ.................................................. **8**

**ਹਿੱਸਾ 3**: ਪਹੁੰਚਯੋਗ ਸੰਸਥਾਵਾਂ.................................................. **10**

ਐਕਸੈਸੇਬਲ ਬੀ.ਸੀ. ਰੈਗੂਲੇਸ਼ਨ.................................................. **10**

ਬੀ.ਸੀ. ਸਰਕਾਰ ਵਿਚ ਪਹੁੰਚਯੋਗਤਾ.................................................. **12**

**ਹਿੱਸਾ 4:** ਪਹੁੰਚਯੋਗਤਾ ਦੇ ਮਿਆਰ.................................................. **24**

ਪਹੁੰਚਯੋਗਤਾ ਦੇ ਮਿਆਰਾਂ ਦਾ ਵਿਕਾਸ .................................................. **24**

ਮੂਲਵਾਸੀ ਲੋਕਾਂ ਦੀ ਸ਼ਮੂਲੀਅਤ .................................................. **25**

ਪਹੁੰਚਯੋਗਤਾ `ਤੇ ਰਾਸ਼ਟਰੀ ਸਹਿਯੋਗ ਨੂੰ ਅੱਗੇ ਵਧਾਉਣ ਲਈ ਬੀ.ਸੀ. ਦੀ ਅਗਵਾਈ.................................................. **26**

**ਅੰਤਿਕਾ 1:** ਪਹੁੰਚਯੋਗਤਾ ਪਲੈਨ ਦੀ ਰਿਪੋਰਟਿੰਗ 2022-23, 2023-24 .................................................. **28**

# ਸ਼ੀਲਾ ਮੈਲਕਮਸਨ, ਸੋਸ਼ਲ ਡਿਵੈਲਪਮੈਂਟ ਐਂਡ ਪੌਂਵਰਟੀ ਰਿਡਕਸ਼ਨ ਦੀ ਮਨਿਸਟਰ ਵਲੋਂ ਸੁਨੇਹਾ

ਅਸੀਂ ਸਾਰੇ ਚਾਹੁੰਦੇ ਹਾਂ ਕਿ ਡਿਸਏਬਿਲਟੀਜ਼ (ਅਪਾਹਜਤਾਵਾਂ) ਵਾਲੇ ਲੋਕ ਚੰਗੀ ਜ਼ਿੰਦਗੀ ਜੀਣ ਅਤੇ ਆਪਣੇ ਭਾਈਚਾਰਿਆਂ ਵਿਚ ਪੂਰੀ ਤਰ੍ਹਾਂ ਹਿੱਸਾ ਲੈਣ। ਜਦੋਂ ਸਾਡੇ ਭਾਈਚਾਰਿਆਂ ਵਿਚ ਸਾਰੇ ਹਿੱਸਾ ਲੈ ਸਕਦੇ ਹਨ ਅਤੇ ਸਾਰੇ ਲੋਕਾਂ ਦੀ ਮੌਕਿਆਂ ਤੱਕ ਪਹੁੰਚ ਹੁੰਦੀ ਹੈ ਤਾਂ ਹਰ ਕਿਸੇ ਨੂੰ ਫਾਇਦਾ ਹੁੰਦਾ ਹੈ।

ਡਿਸਏਬਿਲਟੀਜ਼ ਵਾਲੇ ਲੋਕਾਂ ਨੇ ਸਾਨੂੰ ਦੱਸਿਆ ਹੈ ਕਿ ਉਹ ਆਪਣੀ ਰੋਜ਼ਾਨਾ ਜ਼ਿੰਦਗੀ ਵਿਚ ਵੱਖ-ਵੱਖ ਤਰ੍ਹਾਂ ਦੀਆਂ ਰੁਕਾਵਟਾਂ ਦਾ ਸਾਹਮਣਾ ਕਰਦੇ ਹਨ। ਇਸੇ ਲਈ ਅਸੀਂ ਐਕਸੈਸੇਬਲ ਬ੍ਰਿਟਿਸ਼ ਕੋਲੰਬੀਆ ਐਕਟ ਪੇਸ਼ ਕੀਤਾ ਅਤੇ ਇਸ ਨੂੰ ਲਾਗੂ ਕਰਨ ਲਈ ਸਖਤ ਮਿਹਨਤ ਕਰ ਰਹੇ ਹਾਂ।

ਮੈਨੂੰ 2023-2024 ਦੇ ਵਿੱਤੀ ਸਾਲ ਦੌਰਾਨ ਹੋਈ ਆਪਣੀ ਤਰੱਕੀ ਬਾਰੇ ਇਹ ਰਿਪੋਰਟ ਪੇਸ਼ ਕਰਦਿਆਂ ਖੁਸ਼ੀ ਹੋ ਰਹੀ ਹੈ ਜਿਸ ਵਿਚ ਬੀ.ਸੀ. ਵਿਚ ਪਹੁੰਚਯੋਗਤਾ ਵਿਚ ਰੁਕਾਵਟਾਂ ਨੂੰ ਦੂਰ ਕਰਨ ਲਈ ਸਰਕਾਰ ਵਲੋਂ ਲਏ ਗਏ ਮੁੱਖ ਕਦਮ ਸ਼ਾਮਲ ਹਨ।

ਬਹੁਤ ਸਾਰੇ ਗਰੁੱਪਾਂ ਅਤੇ ਸੰਸਥਾਵਾਂ ਨੇ ਆਪਣੀਆਂ ਸੰਸਥਾਵਾਂ ਦੇ ਅੰਦਰ ਅਤੇ ਉਨ੍ਹਾਂ ਭਾਈਚਾਰਿਆਂ ਲਈ ਜਿਨ੍ਹਾਂ ਦੀ ਉਹ ਸੇਵਾ ਕਰਦੇ ਹਨ, ਪਹੁੰਚਯੋਗਤਾ ਨੂੰ ਬਿਹਤਰ ਬਣਾਉਣ ਲਈ ਐਕਸੈਸੇਬਲ ਬੀ.ਸੀ. ਰੈਗੂਲੇਸ਼ਨ ਦੀ ਪਾਲਣਾ ਕਰਨ ਲਈ ਕੰਮ ਕੀਤਾ ਹੈ। ਅਸੀਂ ਉਨ੍ਹਾਂ ਦੇ ਧੰਨਵਾਦੀ ਹਾਂ। ਇਕ ਜ਼ਿਆਦਾ ਪਹੁੰਚਯੋਗ ਅਤੇ ਸੱਭ ਨੂੰ ਸ਼ਾਮਲ ਕਰਨ ਵਾਲਾ ਬੀ.ਸੀ. ਸਿਰਫ਼ ਉਦੋਂ ਹੀ ਸੰਭਵ ਹੈ ਜਦੋਂ ਸਰਕਾਰ, ਲੋਕ ਅਤੇ ਸੂਬੇ ਭਰ ਦੀਆਂ ਸੰਸਥਾਵਾਂ ਮਿਲ ਕੇ ਕੰਮ ਕਰਦੀਆਂ ਹਨ ਅਤੇ ਅਸੀਂ ਜਾਣਦੇ ਹਾਂ ਕਿ ਅਜੇ ਵੀ ਬਹੁਤ ਕੁਝ ਕਰਨਾ ਬਾਕੀ ਹੈ।

ਇਸ ਪਿਛਲੇ ਸਾਲ, ਸਾਡੀ ਸੂਬਾਈ ਐਕਸੈਸੇਬਿਲਟੀ (ਪਹੁੰਚਯੋਗਤਾ) ਕਮੇਟੀ ਨੇ ਬੀ.ਸੀ. ਦੇ ਪਹਿਲੇ ਪਹੁੰਚਯੋਗਤਾ ਦੇ ਮਾਪਦੰਡਾਂ - ਰੁਜ਼ਗਾਰ ਤੱਕ ਪਹੁੰਚਯੋਗਤਾ ਅਤੇ ਪਹੁੰਚਯੋਗ ਸਰਵਿਸ ਦੇਣ ਦੇ ਮਿਆਰਾਂ - ਨੂੰ ਤਜਵੀਜ਼ ਕਰਨ ਲਈ ਸਖਤ ਮਿਹਨਤ ਕੀਤੀ ਹੈ। ਮੈਂ ਕਮੇਟੀ ਦੇ ਕੰਮ ਲਈ ਧੰਨਵਾਦੀ ਹਾਂ ਅਤੇ ਜਨਤਾ ਤੋਂ ਸੁਝਾਅ ਇਕੱਠੇ ਕਰਨ ਤੋਂ ਬਾਅਦ ਅਗਲੇ ਸਾਲ ਮਿਆਰਾਂ ਲਈ ਸਿਫਾਰਸ਼ਾਂ ਪ੍ਰਾਪਤ ਕਰਨ ਦੀ ਤਾਂਘ ਨਾਲ ਉਡੀਕ ਕਰ ਰਹੀ ਹਾਂ।

ਇਸ ਰਿਪੋਰਟ ਦੇ ਨਾਲ, ਅਸੀਂ ਆਪਣੀਆਂ ਸਫਲਤਾਵਾਂ ਦਾ ਜਸ਼ਨ ਮਨਾਉਂਦੇ ਹਾਂ ਅਤੇ ਉਨ੍ਹਾਂ ਤੋਂ ਸਿੱਖਦੇ ਹਾਂ ਅਤੇ ਉਨ੍ਹਾਂ ਖੇਤਰਾਂ ਦੀ ਪਛਾਣ ਕਰਦੇ ਹਾਂ ਜਿੱਥੇ ਅਸੀਂ ਬਿਹਤਰ ਕਰ ਸਕਦੇ ਹਾਂ। ਜਦੋਂ ਕਿ ਅਸੀਂ ਐਕਟ ਦੇ ਹੇਠ ਸਰਕਾਰ ਦੀ ਪਹਿਲੀ ਪਹੁੰਚਯੋਗਤਾ ਪਲੈਨ ਨੂੰ ਲਾਗੂ ਕਰਨ ਦੇ ਆਖਰੀ ਸਾਲ ਵਿਚ ਦਾਖਲ ਹੋ ਰਹੇ ਹਾਂ, ਅਸੀਂ ਭਾਈਵਾਲਾਂ ਨਾਲ ਕੰਮ ਕਰਨਾ ਜਾਰੀ ਰੱਖਾਂਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਡੀ ਅਗਲੀ ਪਲੈਨ ਸਾਡੀਆਂ ਸਫਲਤਾਵਾਂ `ਤੇ ਆਧਾਰਿਤ ਹੈ ਅਤੇ ਇਹ ਸਾਰੇ ਲੋਕਾਂ ਲਈ ਇਕ ਜ਼ਿਆਦਾ ਪਹੁੰਚਯੋਗ ਸੂਬਾ ਬਣਾਉਣਾ ਜਾਰੀ ਰੱਖ ਰਹੀ ਹੈ।



# ਪਹੁੰਚਯੋਗਤਾ ਲਈ ਪਾਰਲੀਮੈਂਟਰੀ ਸੈਕਰੇਟਰੀ ਸੁਜ਼ੀ ਚੈਂਟ ਵਲੋਂ ਸੁਨੇਹਾ

ਪਹੁੰਚਯੋਗਤਾ ਲਈ ਪਾਰਲੀਮੈਂਟਰੀ ਸੈਕਰੇਟਰੀ ਵਜੋਂ, ਮੈਂ ਬ੍ਰਿਟਿਸ਼ ਕੋਲੰਬੀਆ ਨੂੰ ਸਾਰੀਆਂ ਯੋਗਤਾਵਾਂ ਵਾਲੇ ਲੋਕਾਂ ਲਈ ਜ਼ਿਆਦਾ ਪਹੁੰਚਯੋਗ ਬਣਾਉਣ ਲਈ ਵਚਨਬੱਧ ਹਾਂ ਅਤੇ ਸਰਕਾਰ ਭਰ ਵਿਚ ਪਹੁੰਚਯੋਗਤਾ ਦੇ ਯਤਨਾਂ ਦੇ ਜਸ਼ਨ ਮਨਾਉਣ ਅਤੇ ਉਨ੍ਹਾਂ ਨੂੰ ਤਰਜੀਹ ਦੇਣ ਦੀ ਨਿਗਰਾਨੀ ਕਰਨਾ ਲਾਹੇਵੰਦ ਰਿਹਾ ਹੈ।

ਅਸੀਂ ਐਕਸੈਸੇਬਲ ਬ੍ਰਿਟਿਸ਼ ਕੋਲੰਬੀਆ ਐਕਟ ਨੂੰ ਲਾਗੂ ਕਰਨ ਵਿਚ ਮਹੱਤਵਪੂਰਨ ਤਰੱਕੀ ਕੀਤੀ ਹੈ। ਸੂਬੇ ਭਰ ਵਿਚ, ਸੰਸਥਾਵਾਂ ਜ਼ਿੰਦਗੀ ਦੇ ਸਾਰੇ ਖੇਤਰਾਂ ਵਿਚ ਰੁਕਾਵਟਾਂ ਨੂੰ ਸਮਝਣ, ਪਛਾਣਨ, ਹਟਾਉਣ ਅਤੇ ਰੋਕਣ ਲਈ ਵਸੀਲੇ ਸਮਰਪਿਤ ਕਰ ਰਹੀਆਂ ਹਨ।

ਅਸੀਂ ਸੂਬੇ ਵਿਚ ਡਿਸਏਬਿਲਟੀਜ਼ ਵਾਲੇ ਬਹੁਤ ਸਾਰੇ ਲੋਕਾਂ ਦੀ ਕਦਰ ਵੀ ਕਰਦੇ ਹਾਂ ਜੋ ਸਾਡੇ ਵਲੋਂ ਇਸ ਆਦੇਸ਼ ਨੂੰ ਲਾਗੂ ਕਰਨ ਦੌਰਾਨ ਸਾਨੂੰ ਸਿਖਿਅਤ ਕਰਨ ਅਤੇ ਸਾਡੇ ਨਾਲ ਜੁੜਨਾ ਜਾਰੀ ਰੱਖ ਰਹੇ ਹਨ। “ਸਾਡੇ ਬਾਰੇ ਕੁਝ ਵੀ ਸਾਡੇ ਬਿਨਾਂ ਨਹੀਂ" ਦੀ ਭਾਵਨਾ ਨਾਲ, ਅਸੀਂ ਡਿਸਏਬਿਲਟੀ ਭਾਈਚਾਰੇ ਨਾਲ ਕੰਮ ਕਰਨਾ ਜਾਰੀ ਰੱਖਾਂਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਡਾ ਕੰਮ ਉਨ੍ਹਾਂ ਦੇ ਤਜਰਬੇ 'ਤੇ ਅਧਾਰਿਤ ਹੈ। ਲੋਕਾਂ ਦੀ ਸਮਾਜ ਵਿਚ ਪੂਰੀ ਭਾਗੀਦਾਰੀ ਨੂੰ ਸੀਮਤ ਕਰਨ ਵਾਲੀਆਂ ਰੁਕਾਵਟਾਂ ਦੀ ਪਛਾਣ ਕਰਦਿਆਂ ਅਤੇ ਉਨ੍ਹਾਂ ਨੂੰ ਦੂਰ ਕਰਨਾ ਜਾਰੀ ਰੱਖਦਿਆਂ ਅਸੀਂ ਉਨ੍ਹਾਂ ਵਲੋਂ ਦਿੱਤੀ ਜਾਂਦੀ ਸੇਧ ਅਤੇ ਤਾਕਤ ਲਈ ਉਨ੍ਹਾਂ ਦੇ ਬਹੁਤ ਜ਼ਿਆਦਾ ਧੰਨਵਾਦੀ ਹਾਂ।

# ਐਕਸੈਸੇਬਲ ਬੀ.ਸੀ. ਐਕਟ: 2023–2024 ਤਰੱਕੀ ਰਿਪੋਰਟ

ਐਕਸੈਸੇਬਲ ਬ੍ਰਿਟਿਸ਼ ਕੋਲੰਬੀਆ ਐਕਟ (ਐਕਟ) ਡਿਸਏਬਿਲਟੀਜ਼ ਵਾਲੇ ਲੋਕਾਂ ਦੀ ਪੂਰੀ ਅਤੇ ਬਰਾਬਰ ਸ਼ਮੂਲੀਅਤ ਵਿਚ ਆਉਂਦੀਆਂ ਰੁਕਾਵਟਾਂ ਦੀ ਪਛਾਣ ਕਰਨ, ਰੁਕਾਵਟਾਂ ਹਟਾਉਣ ਅਤੇ ਉਨ੍ਹਾਂ ਤੋਂ ਰੋਕਥਾਮ ਕਰਨ ਲਈ ਡਿਸਏਬਿਲਟੀਜ਼ (ਅਪਾਹਜਤਾਵਾਂ) ਵਾਲੇ ਲੋਕਾਂ ਨਾਲ ਰਲ ਕੇ ਕੰਮ ਕਰਨ ਵਾਸਤੇ ਸਰਕਾਰ ਲਈ ਇਕ ਚੌਖਟਾ ਸਥਾਪਤ ਕਰਦਾ ਹੈ। ਸਰਕਾਰ ਇਸ ਨੂੰ ਲਾਗੂ ਕਰਨ ਦੇ ਤੀਜੇ ਸਾਲ ਵਿਚ ਹੈ।

ਇਹ ਤੀਜੀ ਤਰੱਕੀ ਰਿਪੋਰਟ ਵਿੱਤੀ ਸਾਲ 2023-24 ਵਿਚ ਐਕਟ ਦੇ ਲਾਗੂ ਹੋਣ ਬਾਰੇ ਇਕ ਅੱਪਡੇਟ ਪ੍ਰਦਾਨ ਕਰਦੀ ਹੈ। ਰਿਪੋਰਟ ਨੂੰ ਐਕਟ ਵਿਚ ਦੱਸੇ ਹਿੱਸਿਆਂ ਵਿਚ ਵੰਡਿਆ ਗਿਆ ਹੈ ਅਤੇ ਇਹ ਹਿੱਸਾ 2: ਮਾਨਤਾ ਅਤੇ ਜਵਾਬਦੇਹੀ;  ਹਿੱਸਾ 3: ਪਹੁੰਚਯੋਗ ਸੰਸਥਾਵਾਂ ਅਤੇ ਹਿੱਸਾ 4: ਪਹੁੰਚਯੋਗਤਾ ਦੇ ਮਿਆਰਾਂ ਹੇਠ ਲਏ ਜਾਣ ਵਾਲੇ ਐਕਸ਼ਨਾਂ `ਤੇ ਕੇਂਦਰਿਤ ਹੈ।



# ਹਿੱਸਾ 2:
# ਮਾਨਤਾ ਅਤੇ ਜਵਾਬਦੇਹੀ

## ਪਹੁੰਚਯੋਗਤਾ ਦਾ ਹਫਤਾ

ਹਰ ਸਾਲ ਮਈ ਦੇ ਆਖਰੀ ਹਫਤੇ ਵਿਚ, ਪਹੁੰਚਯੋਗਤਾ (ਐਕਸੈਸਬਿਲਿਟੀ) ਦਾ ਹਫਤਾ ਹਰ ਵਿਅਕਤੀ ਦੀ ਆਪਣੇ ਭਾਈਚਾਰਿਆਂ ਵਿਚ ਪੂਰੀ ਤਰ੍ਹਾਂ ਹਿੱਸਾ ਲੈਣ ਵਿਚ ਮਦਦ ਕਰਨ ਲਈ ਸ਼ਮੂਲੀਅਤ ਅਤੇ ਪਹੁੰਚਯੋਗਤਾ ਨੂੰ ਉਤਸ਼ਾਹ ਦਿੰਦਾ ਹੈ। ਇਹ ਡਿਸਏਬਿਲਟੀਜ਼ ਵਾਲੇ ਵਿਅਕਤੀਆਂ ਵਲੋਂ ਆਪਣੇ ਭਾਈਚਾਰਿਆਂ ਵਿਚ ਪਾਏ ਗਏ ਯੋਗਦਾਨ, ਅਤੇ ਇਸ ਦੇ ਨਾਲ ਨਾਲ ਉਨ੍ਹਾਂ ਦੀ ਮਦਦ ਕਰਨ ਵਾਲੇ ਲੋਕਾਂ ਅਤੇ ਸੰਸਥਾਵਾਂ ਬਾਰੇ ਸੋਚਣ ਅਤੇ ਉਨ੍ਹਾਂ ਦੇ ਯੋਗਦਾਨ ਵੱਲ ਧਿਆਨ ਦਿਵਾਉਣ ਦਾ ਵੀ ਇਕ ਮੌਕਾ ਹੈ।

ਸਾਲ 2023 ਵਿਚ, ਸੂਬੇ ਨੇ ਡਿਸਏਬਿਲਟੀਜ਼ ਵਾਲੇ ਲੋਕਾਂ ਲਈ ਸੇਵਾਵਾਂ ਅਤੇ ਮਦਦ ਪ੍ਰਦਾਨ ਕਰਨ ਵਾਲੀਆਂ ਸੰਸਥਾਵਾਂ ਨੂੰ 25 ਮਿਲੀਅਨ ਡਾਲਰ ਤੋਂ ਵੱਧ ਦੇ ਕੇ ਪਹੁੰਚਯੋਗਤਾ ਦੇ ਹਫਤੇ ਦਾ ਜਸ਼ਨ ਮਨਾਇਆ। ਬ੍ਰਿਟਿਸ਼ ਕੋਲੰਬੀਆ ਦੇ ਵਾਸੀਆਂ ਨੇ ਭਾਈਚਾਰਿਆਂ ਵਿਚ ਰੁਕਾਵਟਾਂ ਨੂੰ ਘਟਾਉਣ ਅਤੇ ਸ਼ਮੂਲੀਅਤ ਨੂੰ ਉਤਸ਼ਾਹ ਦੇਣ ਵਾਲੇ ਵਧਾਏ ਗਏ ਪ੍ਰੋਜੈਕਟਾਂ ਅਤੇ ਪ੍ਰੋਗਰਾਮਾਂ ਤੋਂ ਲਾਭ ਲਿਆ ਅਤੇ ਇਸ ਦੇ ਨਾਲ ਹੀ ਚੱਲਣ ਫਿਰਨ ਦੀਆਂ ਕਮਜ਼ੋਰੀਆਂ ਵਾਲੇ ਲੋਕਾਂ ਲਈ ਸੰਚਾਰ ਦੇ ਬਦਲਵੇਂ ਸਿਸਟਮਾਂ ਅਤੇ ਸਰੀਰਕ ਅਤੇ ਮਾਨਸਿਕ ਸਿਹਤ ਅਤੇ ਤੰਦਰੁਸਤੀ ਵਿਚ ਮਦਦ ਵਿਚ ਵਾਧਾ ਕੀਤਾ।

ਪਹੁੰਚਯੋਗਤਾ ਦੇ ਹਫਤੇ ਦੌਰਾਨ, ਸਰਕਾਰ ਨੇ ਡਿਸਏਬਿਲਟੀ ਅਲਾਇੰਸ ਬੀ ਸੀ (ਡੀ ਏ ਬੀ ਸੀ) ਰਾਹੀਂ, ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀਆਂ 12 ਸੰਸਥਾਵਾਂ ਨੂੰ ਉਨ੍ਹਾਂ ਦੇ ਇਲਾਕਿਆਂ ਵਿਚ ਪਹੁੰਚਯੋਗਤਾ ਦੇ ਪ੍ਰੋਜੈਕਟਾਂ ਵਿਚ ਮਦਦ ਕਰਨ ਲਈ $500,000 ਦਿੱਤੇ। ਹਰ ਸੰਸਥਾ ਨੇ ਵੱਖ-ਵੱਖ ਖੇਤਰਾਂ ਵਿਚ ਪ੍ਰੋਜੈਕਟਾਂ ਲਈ $13,500 ਤੋਂ $40,000 ਤੱਕ ਪ੍ਰਾਪਤ ਕੀਤੇ, ਜਿਸ ਵਿਚ ਕਲਾ ਅਤੇ ਸੱਭਿਆਚਾਰ ਅਤੇ ਕੁਦਰਤ ਦੀ ਦੁਨੀਆ ਵਿਚ ਸਿੱਖਣ ਦੇ ਜ਼ਿਆਦਾ ਸ਼ਮੂਲੀਅਤ ਵਾਲੇ ਮੌਕਿਆਂ ਤੋਂ ਲੈ ਕੇ, ਚੱਲਣ ਫਿਰਨ ਦੀਆਂ ਰੁਕਾਵਟਾਂ ਵਾਲੇ ਲੋਕਾਂ ਲਈ ਪਹੁੰਚਯੋਗ ਆਵਾਜਾਈ ਤੱਕ ਦੇ ਪ੍ਰੋਜੈਕਟ ਸ਼ਾਮਲ ਹਨ।

## ਜਾਗਰੂਕਤਾ

ਪਹੁੰਚਯੋਗਤਾ ਦੇ ਹਫਤੇ ਦਾ ਜਸ਼ਨ ਮਨਾਉਣ ਦੇ ਨਾਲ-ਨਾਲ, ਸਰਕਾਰ ਨੇ ਪਹੁੰਚਯੋਗਤਾ ਅਤੇ ਡਿਸਏਬਲਿਟੀ ਨਾਲ ਸੰਬੰਧਿਤ ਮੁੱਦਿਆਂ 'ਤੇ ਕਈ ਹੋਰ ਸਨਮਾਨਾਂ ਨੂੰ ਮਾਨਤਾ ਵੀ ਦਿੱਤੀ, ਅਤੇ ਇਨ੍ਹਾਂ ਲਈ ਐਲਾਨਨਾਮੇ ਜਾਰੀ ਕੀਤੇ: ਅਪ੍ਰੈਲ ਵਿਚ ਔਟਿਜ਼ਮ ਮਾਨਤਾ ਮਹੀਨਾ, ਜੂਨ ਵਿਚ ਦਿਮਾਗੀ ਸੱਟ ਬਾਰੇ ਜਾਗਰੂਕਤਾ ਅਤੇ ਬੋਲ਼ੇ ਅੰਨ੍ਹੇਪਣ ਬਾਰੇ ਜਾਗਰੂਕਤਾ ਮਹੀਨਾ, ਸਤੰਬਰ ਵਿਚ ਡਿਸਏਬਿਲਟੀ ਰੁਜ਼ਗਾਰ ਮਹੀਨਾ, ਅਕਤੂਬਰ ਵਿਚ ਰਜਿਸਟਰਡ ਡਿਸਏਬਿਲਟੀ ਸੇਵਿੰਗਜ਼ ਪਲੈਨ ਜਾਗਰੂਕਤਾ ਮਹੀਨਾ, ਅਤੇ ਨਵੰਬਰ ਵਿਚ ਇਨਡਿਜਨੈਸ ਡਿਸਏਬਿਲਟੀ ਜਾਗਰੂਕਤਾ ਮਹੀਨਾ।

ਸਤੰਬਰ ਵਿਚ ਡਿਸਏਬਿਲਟੀ ਰੁਜ਼ਗਾਰ ਮਹੀਨੇ ਦੀ ਮਾਨਤਾ ਵਿਚ, ਸਰਕਾਰ ਨੇ ਨੈਸ਼ਨਲ ਇੰਸਟੀਚਿਊਟ ਔਫ ਡਿਸਏਬਿਲਟੀ ਮੈਨੇਜਮੈਂਟ ਐਂਡ ਰਿਸਰਚ (NIDMAR) ਨੂੰ $4 ਮਿਲੀਅਨ ਦੀ ਫੰਡਿੰਗ ਦਾ ਐਲਾਨ ਕੀਤਾ ਤਾਂ ਜੋ ਡਿਸਏਬਿਲਟੀ ਵਾਲੇ ਲੋਕਾਂ ਦੀ ਰਿਕਵਰੀ ਅਤੇ ਕੰਮ 'ਤੇ ਵਾਪਸੀ ਵਿਚ ਮਦਦ ਕੀਤੀ ਜਾ ਸਕੇ, ਅਤੇ ਕੰਮ ਦੀ ਦੁਨੀਆ ਵਿਚ ਕਾਮਯਾਬ ਹੋਣ ਲਈ ਡਿਸਏਬਿਲਟੀਜ਼ ਵਾਲੇ ਲੋਕਾਂ ਦੀਆਂ ਖਾਸ ਲੋੜਾਂ ਪੂਰੀਆਂ ਕਰਨ ਵਾਲੀਆਂ ਸਹਾਇਕ ਤਕਨਾਲੋਜੀਆਂ ਵਿਕਸਿਤ ਕਰਨ ਲਈ ਕੈਨਅਸਿਸਟ ਨੂੰ $1 ਮਿਲੀਅਨ ਦਿੱਤਾ।

# ਹਿੱਸਾ 3:
# ਪਹੁੰਚਯੋਗ ਸੰਸਥਾਵਾਂ

ਐਕਟ ਦਾ ਹਿੱਸਾ 3 ਸਰਕਾਰ ਅਤੇ ਨਿਯਮਬੱਧ ਸੰਸਥਾਵਾਂ ਲਈ ਪਹੁੰਚਯੋਗਤਾ ਦੀਆਂ ਸ਼ਰਤਾਂ ਤੈਅ ਕਰਦਾ ਹੈ। ਤਿੰਨ ਸ਼ਰਤਾਂ ਵਿਚ ਪਹੁੰਚਯੋਗਤਾ ਕਮੇਟੀ ਦਾ ਗਠਨ ਕਰਨਾ, ਇਕ ਪਹੁੰਚਯੋਗਤਾ ਪਲੈਨ ਬਣਾਉਣਾ, ਅਤੇ ਪਹੁੰਚਯੋਗਤਾ ਵਿਚ ਰੁਕਾਵਟਾਂ ਬਾਰੇ ਲੋਕਾਂ ਦੇ ਵਿਚਾਰ ਜਾਣਨ ਲਈ ਇਕ ਟੂਲ ਤਿਆਰ ਕਰਨਾ ਸ਼ਾਮਲ ਹਨ।

## ਐਕਸੈਸੇਬਲ ਬੀ.ਸੀ. ਰੈਗੂਲੇਸ਼ਨ

ਅਪ੍ਰੈਲ 2022 ਵਿਚ, ਸਰਕਾਰ ਨੇ ਐਕਸੈਸੇਬਲ ਬੀ.ਸੀ. ਰੈਗੂਲੇਸ਼ਨ ਨੂੰ ਅਪਣਾਇਆ, ਜਿਸ ਵਿਚ 788 ਜਨਤਕ ਖੇਤਰ ਦੀਆਂ ਸੰਸਥਾਵਾਂ ਨੂੰ ਹਿੱਸਾ 3 ਦੀਆਂ ਸ਼ਰਤਾਂ ਨੂੰ ਪੂਰਾ ਕਰਨ ਲਈ ਆਦੇਸ਼ ਦਿੱਤਾ ਗਿਆ।

- 755 ਸੰਸਥਾਵਾਂ, ਜਿਨ੍ਹਾਂ ਵਿਚ ਸਥਾਨਕ ਸਰਕਾਰਾਂ, ਪੋਸਟ-ਸੈਕੰਡਰੀ ਸੰਸਥਾਵਾਂ, ਸਕੂਲ ਜ਼ਿਲ੍ਹੇ ਅਤੇ ਆਜ਼ਾਦ ਸਕੂਲ, ਪਬਲਿਕ ਲਾਇਬ੍ਰੇਰੀਆਂ ਅਤੇ ਕੁਝ ਕਰਾਊਨ ਕਾਰਪੋਰੇਸ਼ਨਾਂ ਅਤੇ ਏਜੰਸੀਆਂ ਸ਼ਾਮਲ ਹਨ, ਲਈ 1 ਸਤੰਬਰ, 2023 ਤੱਕ ਐਕਸੈਸੇਬਲ ਬੀ.ਸੀ. ਐਕਟ ਦੇ ਹਿੱਸਾ 3 ਦੀ ਪਾਲਣਾ ਕਰਨਾ ਜ਼ਰੂਰੀ ਸੀ।
- 33 ਸੰਸਥਾਵਾਂ, ਜਿਨ੍ਹਾਂ ਵਿਚ ਹੈਲਥ ਅਥਾਰਟੀਆਂ, ਟ੍ਰਿਬਿਊਨਲ, ਅਤੇ ਕੁਝ ਕ੍ਰਾਊਨ ਕਾਰਪੋਰੇਸ਼ਨਾਂ ਅਤੇ ਏਜੰਸੀਆਂ ਸ਼ਾਮਲ ਹਨ, ਲਈ 1 ਸਤੰਬਰ, 2024 ਤੱਕ ਐਕਸੈਸੇਬਲ ਬੀ.ਸੀ. ਐਕਟ ਦੇ ਹਿੱਸਾ 3 ਦੀ ਪਾਲਣਾ ਕਰਨਾ ਜ਼ਰੂਰੀ ਹੈ।

ਰੈਗੂਲੇਸ਼ਨ ਸੰਸਥਾਵਾਂ ਤੋਂ ਅਜਿਹੀਆਂ ਪਲੈਨਾਂ, ਵਿਚਾਰ ਦੇਣ ਦੇ ਤਰੀਕਿਆਂ ਅਤੇ ਕਮੇਟੀਆਂ ਵਿਕਸਿਤ ਕਰਨ ਦੀ ਮੰਗ ਕਰਦਾ ਹੈ ਜੋ ਉਨ੍ਹਾਂ ਦੇ ਭਾਈਚਾਰਿਆਂ ਲਈ ਕੰਮ ਕਰਨ, ਅਤੇ ਸਮੇਂ ਦੇ ਨਾਲ ਡਿਸਏਬਿਲਟੀਜ਼ ਵਾਲੇ ਲੋਕਾਂ ਦੀ ਫੀਡਬੈਕ ਨਾਲ ਪਲੈਨ, ਕਮੇਟੀ ਅਤੇ ਫੀਡਬੈਕ ਟੂਲ ਲਈ ਆਪਣੀ ਪਹੁੰਚ ਨੂੰ ਵਿਕਸਿਤ ਕਰਨ। ਸੰਸਥਾਵਾਂ ਨੂੰ ਇਹ ਕੰਮ ਅਜਿਹੇ ਢੰਗ ਨਾਲ ਕਰਨ ਲਈ ਉਤਸ਼ਾਹ ਦਿੱਤਾ ਜਾਂਦਾ ਹੈ ਜੋ ਲਚਕਦਾਰ ਹੋਵੇ ਅਤੇ ਉਨ੍ਹਾਂ ਦੀਆਂ ਹਾਲਤਾਂ ਦੇ ਅਨੁਸਾਰ ਹੋਵੇ।

ਸਰਕਾਰ ਨੇ ਸੰਸਥਾਵਾਂ ਦੀ ਮਦਦ ਲਈ ਡਿਸਏਬਿਲਟੀ ਅਲਾਇੰਸ ਬੀ ਸੀ (ਡੀ ਏ ਬੀ ਸੀ) ਨੂੰ ਤਿੰਨ ਸਾਲਾਂ ਦੇ ਸਮੇਂ ਦੌਰਾਨ $3 ਮਿਲੀਅਨ ਦਿੱਤੇ ਹਨ। BC Accessibility Hub ਵੈੱਬਸਾਈਟ ਰਾਹੀਂ ਟੂਲਕਿੱਟਾਂ ਅਤੇ ਗਾਈਡਾਂ ਸਮੇਤ ਕਈ ਤਰ੍ਹਾਂ ਦੇ ਸਰੋਤ ਉਪਲਬਧ ਕਰਵਾਏ ਗਏ।

**ਐਕਸੈਸੇਬਿਲਟੀ ਡਾਇਰੈਕਟੋਰੇਟ** ਅਤੇ ਡੀ ਏ ਬੀ ਸੀ, ਸਪਾਰਕ (ਐੱਸ ਪੀ ਏ ਆਰ ਸੀ) ਬੀ ਸੀ, ਰਿਕ ਹੈਨਸਨ ਫਾਊਂਡੇਸ਼ਨ ਅਤੇ ਕੈਨੌਕਸ ਔਟਿਜ਼ਮ ਨੈੱਟਵਰਕ ਦੇ **ਭਾਈਵਾਲਾਂ ਦੀ ਮਦਦ ਨਾਲ**, ਮਨਿਸਟਰ ਸ਼ੀਲਾ ਮੈਲਕਮਸਨ ਨੇ ਸਤੰਬਰ 2023 ਵਿਚ ਯੂਨੀਅਨ ਔਫ ਬੀ ਸੀ ਮਿਊਂਨਿਸਪੈਲਟੀਜ਼ ਕਾਨਫਰੰਸ ਵਿਖੇ ਇਕ ਵਾਕ-ਐਂਡ-ਰੋਲ ਐਕਸੈਸੇਬਿਲਟੀ ਟੂਰ ਦੀ ਮੇਜ਼ਬਾਨੀ ਕੀਤੀ। ਇਸ ਟੂਰ ਨੇ ਪਹੁੰਚਯੋਗਤਾ ਦੇ ਰਾਹ ਵਿਚ ਵੱਖ-ਵੱਖ ਰੁਕਾਵਟਾਂ ਦੀ ਪਛਾਣ ਕਰਨ, ਉਨ੍ਹਾਂ ਨੂੰ ਹਟਾਉਣ ਅਤੇ ਰੋਕਣ ਦੇ ਤਰੀਕਿਆਂ ਦਾ ਪਤਾ ਲਾਇਆ। ਹਿੱਸਾ ਲੈਣ ਵਾਲਿਆਂ ਨੇ ਸਥਾਨਕ ਸਰਕਾਰਾਂ ਲਈ ਪਹੁੰਚਯੋਗਤਾ ਦੇ ਉੱਦਮਾਂ ਨੂੰ ਅੱਗੇ ਵਧਾਉਣ ਲਈ ਉਪਲਬਧ ਸਰੋਤਾਂ ਅਤੇ ਮਦਦਾਂ ਬਾਰੇ ਵੀ ਜਾਣਿਆ।

# ਬੀ.ਸੀ. ਸਰਕਾਰ ਵਿਚ ਪਹੁੰਚਯੋਗਤਾ

## ਪਹੁੰਚਯੋਗਤਾ ਨਾਲ ਸੰਬੰਧਿਤ ਸੂਬਾਈ ਕਮੇਟੀ

ਪਹੁੰਚਯੋਗਤਾ ਨਾਲ ਸੰਬੰਧਿਤ ਸੂਬਾਈ ਕਮੇਟੀ (ਪੀ ਏ ਸੀ) ਪਹੁੰਚਯੋਗਤਾ ਦੇ ਮਿਆਰ ਤਿਆਰ ਕਰਕੇ ਅਤੇ ਇਨ੍ਹਾਂ ਦੀ ਸਿਫਾਰਸ਼ ਕਰਕੇ ਅਤੇ ਪਹੁੰਚਯੋਗਤਾ ਅਤੇ ਸ਼ਮੂਲੀਅਤ ਨਾਲ ਸੰਬੰਧਿਤ ਮਾਮਲਿਆਂ 'ਤੇ ਸਰਕਾਰ ਨੂੰ ਸਲਾਹ ਦੇ ਕੇ ਐਕਸੈਸੇਬਲ ਬੀ.ਸੀ. ਐਕਟ ਨੂੰ ਲਾਗੂ ਕਰਨ ਵਿਚ ਮਦਦ ਕਰਦੀ ਹੈ। ਪੀ ਏ ਸੀ ਦੀ ਸਥਾਪਨਾ ਦਸੰਬਰ 2021 ਵਿਚ ਕੀਤੀ ਗਈ ਸੀ ਅਤੇ ਇਹ ਸੋਸ਼ਲ ਡਿਵੈਲਪਮੈਂਟ ਐਂਡ ਪੌਵਰਟੀ ਰਿਡਕਸ਼ਨ ਦੇ ਮਨਿਸਟਰ ਵਲੋਂ ਨਿਯੁਕਤ ਕੀਤੇ ਗਏ 11 ਮੈਂਬਰਾਂ ਤੋਂ ਬਣੀ ਹੋਈ ਹੈ।

ਜਨਵਰੀ 2023 ਤੋਂ, ਪੀ ਏ ਸੀ ਪਹੁੰਚਯੋਗ ਸਰਵਿਸ ਦੇਣ ਅਤੇ ਰੁਜ਼ਗਾਰ ਦੇ ਪਹੁੰਚਯੋਗਤਾ ਬਾਰੇ ਮਿਆਰਾਂ ਲਈ ਮੁਢਲੀਆਂ ਸਿਫਾਰਸ਼ਾਂ ਦਾ ਖਰੜਾ ਤਿਆਰ ਕਰਨ ਲਈ ਤਕਨੀਕੀ ਕਮੇਟੀਆਂ ਨਾਲ ਕੰਮ ਕਰ ਰਹੀ ਹੈ। ਇਹ ਮਿਆਰ 31 ਮਈ ਤੋਂ 31 ਜੁਲਾਈ, 2024 ਤੱਕ ਜਨਤਕ ਸਲਾਹ-ਮਸ਼ਵਰੇ ਲਈ ਪੇਸ਼ ਕੀਤੇ ਗਏ ਸਨ।

**ਤਕਨੀਕੀ ਕਮੇਟੀਆਂ** ਮਨਿਸਟਰ ਲਈ ਸਿਫਾਰਸ਼ਾਂ ਵਿਕਸਿਤ ਕਰਨ ਵਿਚ ਪੀ ਏ ਸੀ ਦੀ ਮਦਦ ਕਰਕੇ ਮਿਆਰ ਤਿਆਰ ਕਰਨ ਦੇ ਕਾਰਜ ਵਿਚ ਇਕ ਲਾਜ਼ਮੀ ਰੋਲ ਨਿਭਾਉਂਦੀਆਂ ਹਨ। ਹਰੇਕ ਮਿਆਰ ਦੀ ਇਕ ਸਮਰਪਿਤ ਤਕਨੀਕੀ ਕਮੇਟੀ ਹੈ ਜਿਸ ਵਿਚ ਬ੍ਰਿਟਿਸ਼ ਕੋਲੰਬੀਆ ਦੀ ਵਿਭਿੰਨਤਾ ਨੂੰ ਦਰਸਾਉਂਦੇ ਵਿਆਪਕ ਤਜਰਬਿਆਂ ਵਾਲੇ ਵਿਅਕਤੀ ਸ਼ਾਮਲ ਹਨ।

## ਐਕਸੈਸੇਬਲ ਬੀ ਸੀ: 2022-23 ਤੋਂ 2024-25 ਲਈ ਬੀ.ਸੀ. ਦੀ ਪਹੁੰਚਯੋਗਤਾ ਪਲੈਨ

ਸੂਬਾਈ ਸਰਕਾਰ ਤੋਂ ਇਕ ਪਹੁੰਚਯੋਗਤਾ ਪਲੈਨ ਵਿਕਸਿਤ ਕਰਨ ਅਤੇ ਇਸ ਨੂੰ ਘੱਟੋ-ਘੱਟ ਹਰ ਤਿੰਨ ਸਾਲਾਂ ਵਿਚ ਇਕ ਵਾਰ ਸੋਧਣ ਦੀ ਮੰਗ ਕੀਤੀ ਜਾਂਦੀ ਹੈ। ਪਹਿਲੀ ਐਕਸੈਸੇਬਲ ਬੀ ਸੀ ਪਲੈਨ (ਪਲੈਨ) ਸਰਕਾਰ ਦੀਆਂ ਸਾਰੀਆਂ ਮਨਿਸਟਰੀਆਂ ਦੀ ਹਿੱਸੇਦਾਰੀ ਨਾਲ ਵਿਕਸਿਤ ਕੀਤੀ ਗਈ ਸੀ ਅਤੇ 31 ਮਈ, 2022 ਨੂੰ ਜਾਰੀ ਕੀਤੀ ਗਈ ਸੀ। ਇਸ ਪਲੈਨ ਵਿਚ ਪੰਜ ਤਰਜੀਹੀ ਖੇਤਰਾਂ ਵਿਚ 37 ਵਚਨਬੱਧਤਾਵਾਂ ਅਤੇ ਕਾਰਵਾਈਆਂ ਸ਼ਾਮਲ ਹਨ। ਐਕਸੈਸੇਬਿਲਟੀ ਡਾਇਰੈਕਟੋਰੇਟ ਪਲੈਨ ਦੀਆਂ ਵਚਨਬੱਧਤਾਵਾਂ ਅਤੇ ਪਹੁੰਚਯੋਗਤਾ ਦੇ ਹੋਰ ਉੱਦਮਾਂ ਨੂੰ ਲਾਗੂ ਕਰਨ ਵਿਚ ਮਨਿਸਟਰੀਆਂ ਦੀ ਤਰੱਕੀ ਦਾ ਪਤਾ ਲਾਉਣ ਲਈ ਮਨਿਸਟਰੀਆਂ ਨਾਲ ਕੰਮ ਕਰ ਰਿਹਾ ਹੈ।

## 2022-23 ਤੋਂ 2024-25 ਤੱਕ ਪਹੁੰਚਯੋਗਤਾ ਪਲੈਨ ਨੂੰ ਲਾਗੂ ਕਰਨ ਦੀ ਤਰੱਕੀ ਦਾ ਸੰਖੇਪ

ਐਕਸੈਸੇਬਲ ਬੀ ਸੀ ਪਲੈਨ: 2022-23 ਤੋਂ 2024-25 ਤੱਕ ਆਪਣੇ ਲਾਗੂ ਹੋਣ ਦੀ ਮਿਆਦ ਦੇ ਅੱਧ ਵਿਚ ਹੈ। ਸਰਕਾਰ ਦੀਆਂ ਸਾਰੀਆਂ ਮਨਿਸਟਰੀਆਂ ਨੇ ਪਹੁੰਚਯੋਗਤਾ ਪਲੈਨ ਦੇ ਪੰਜ ਤਰਜੀਹੀ ਖੇਤਰਾਂ ਅਧੀਨ 37 ਵਿੱਚੋਂ 33 ਵਚਨਬੱਧਤਾਵਾਂ 'ਤੇ ਕੰਮ ਸ਼ੁਰੂ ਕੀਤਾ। ਪਲੈਨ ਵਿਚ ਸ਼ਾਮਲ ਛੇ ਕਾਰਵਾਈਆਂ ਹੁਣ ਪੂਰੀਆਂ ਹੋ ਚੁੱਕੀਆਂ ਹਨ। ਹੇਠਾਂ ਪਲੈਨ ਦੇ ਤਰਜੀਹੀ ਖੇਤਰਾਂ ਅਨੁਸਾਰ ਕੀਤੀ ਗਈ ਤਰੱਕੀ ਦਾ ਸਾਰ ਦਿੱਤਾ ਗਿਆ ਹੈ।

ਅੰਤਿਕਾ ਏ ਵਿਚ ਸਰਕਾਰ ਦੀਆਂ ਵੱਖ-ਵੱਖ ਮਨਿਸਟਰੀਆਂ ਅਤੇ ਏਜੰਸੀਆਂ ਵਿਚ ਤਰੱਕੀ ਬਾਰੇ ਜ਼ਿਆਦਾ ਵਿਸਥਾਰ ਵਿਚ ਜਾਣਕਾਰੀ ਸ਼ਾਮਲ ਹੈ।

# ਤਰਜੀਹ 1:
# ਪਹੁੰਚਯੋਗਤਾ ਦਾ ਸੱਭਿਆਚਾਰ ਪੈਦਾ ਕਰਨਾ

ਮਨਿਸਟਰੀਆਂ ਨੇ ਪਬਲਿਕ ਸਰਵਿਸ ਵਿਚ ਪਹੁੰਚਯੋਗਤਾ ਲਈ ਲੀਡਰਸ਼ਿਪ ਦੇ ਵਿਕਾਸ ਨੂੰ ਸਮਰਥਨ ਦੇਣ ਦੀ ਵਚਨਬੱਧਤਾ ਨੂੰ ਪੂਰਾ ਕਰਨ ਦੀ ਰਿਪੋਰਟ ਦਿੱਤੀ। ਪਬਲਿਕ ਸਰਵਿਸ ਵਿਚ ਪਹੁੰਚਯੋਗਤਾ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ, ਪਹੁੰਚਯੋਗਤਾ ਬਾਰੇ ਜਾਗਰੂਕਤਾ ਵਧਾਉਣ ਲਈ ਸਮਾਗਮਾਂ ਦਾ ਪ੍ਰਬੰਧ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਕਿ ਸਰਕਾਰੀ ਪ੍ਰੋਗਰਾਮ ਲੋਕਾਂ ਲਈ ਕੰਮ ਕਰ ਰਹੇ ਹਨ, ਜੈਂਡਰ-ਬੇਸਡ ਅਨੈਲਿਸਿਸ ਪਲੱਸ (ਜੀ ਬੀ ਏ +) ਦ੍ਰਿਸ਼ਟੀਕੋਣ ਲਾਗੂ ਕਰਨ ਦੀਆਂ ਬਾਕੀ ਵਚਨਬੱਧਤਾਵਾਂ 'ਤੇ ਕੰਮ ਚੱਲ ਰਿਹਾ ਹੈ ਅਤੇ ਜਾਰੀ ਹੈ।

## ਮੁੱਖ ਪ੍ਰਾਪਤੀਆਂ:

- ਇਮਪਲੌਈ ਐਕਸੈਸੇਬਿਲਟੀ ਐਡਵਾਈਜ਼ਰੀ ਕੌਂਸਲ ਅਤੇ ਐਕਸੈਸੇਬਿਲਟੀ ਕਮਿਊਨਟੀ ਔਫ ਪ੍ਰੈਕਟਿਸ ਦੀ ਮਦਦ ਕੀਤੀ ਜਿਸ ਵਿਚ ਪਬਲਿਕ ਸਰਵਿਸ ਦੇ ਮੈਂਬਰ ਸ਼ਾਮਲ ਹਨ। ਇਹ ਗਰੁੱਪ ਪਹੁੰਚਯੋਗਤਾ ਵਿਚ ਸੁਧਾਰ `ਤੇ ਕੇਂਦਰਿਤ ਫੀਡਬੈਕ ਅਤੇ ਜਾਣਕਾਰੀ ਸਾਂਝੀ ਕਰਦੇ ਹਨ।
- 2021 ਤੋਂ ਲੈ ਕੇ 1,600 ਤੋਂ ਵੱਧ ਮੁਲਾਜ਼ਮਾਂ ਨੇ ਪਹੁੰਚਯੋਗਤਾ ਦੇ ਹਫਤੇ ਦੇ ਸਮਾਗਮਾਂ ਵਿਚ ਹਿੱਸਾ ਲਿਆ ਹੈ।
- ਅੱਪਡੇਟ ਕੀਤੀ ਕਾਰਪੋਰੇਟ ਇਕੁਇਟੀ, ਡਾਇਵਰਸਿਟੀ ਅਤੇ ਇਨਕਲੂਜ਼ਨ (ਈ ਡੀ ਆਈ) ਯੋਜਨਾ ਦੇ ਵਿਚ ਪਹੁੰਚਯੋਗਤਾ ਦੇ ਉਦੇਸ਼ਾਂ ਦੀ ਤਿਆਰੀ ਸ਼ੁਰੂ ਕੀਤੀ ਜੋ ਕਿ 2025 ਵਿਚ ਪ੍ਰਕਾਸ਼ਿਤ ਕੀਤੇ ਜਾਣਗੇ।
- ਮਨਿਸਟਰੀ ਦੀਆਂ ਈ ਡੀ ਆਈ ਜੁਗਤਾਂ ਵਿਚ ਪਹੁੰਚਯੋਗਤਾ ਦੇ ਸਿਧਾਂਤਾਂ ਨੂੰ ਸ਼ਾਮਲ ਕੀਤਾ।

- ਜੀ ਬੀ ਏ + , ਲੋਕਾਂ ਲਈ ਪਹੁੰਚਯੋਗ ਪ੍ਰਬੰਧ ਅਤੇ ਸ਼ਮੂਲੀਅਤ ਵਾਲੀ ਲੀਡਰਸ਼ਿਪ ਬਾਰੇ ਜਾਗਰੂਕਤਾ ਅਤੇ ਸਮਰੱਥਾ ਵਧਾਉਣ ਲਈ ਟਰੇਨਿੰਗ ਦੇ ਕੋਰਸ ਵਿਕਸਿਤ ਕੀਤੇ।
- ਐਕਸੈਸੇਬਲ ਬੀ.ਸੀ. ਰੈਗੂਲੇਸ਼ਨ ਵਿਚ ਦਰਜ ਕਰਾਊਨ ਕਾਰਪੋਰੇਸ਼ਨਾਂ ਅਤੇ ਏਜੰਸੀਆਂ ਨੂੰ ਉਨ੍ਹਾਂ ਦੀਆਂ ਪਹੁੰਚਯੋਗਤਾ ਦੀਆਂ ਸ਼ਰਤਾਂ ਪੂਰੀਆਂ ਕਰਨ ਲਈ ਸਰੋਤ ਅਤੇ ਮਦਦ ਪ੍ਰਦਾਨ ਕੀਤੀ।

# ਤਰਜੀਹ 2:
# ਜਾਣਕਾਰੀ ਅਤੇ ਕਮਿਊਨੀਕੇਸ਼ਨ

ਮਨਿਸਟਰੀਆਂ ਇਸ ਤਰਜੀਹੀ ਖੇਤਰ ਅਧੀਨ ਨੌਂ ਕਦਮ ਚੁੱਕਣ ਲਈ ਵਚਨਬੱਧ ਹੋਈਆਂ। ਬੀ ਸੀ ਦੇ ਪਾਰਕਾਂ ਬਾਰੇ ਜਨਤਕ ਜਾਣਕਾਰੀ ਨੂੰ ਜ਼ਿਆਦਾ ਪਹੁੰਚਯੋਗ ਬਣਾਉਣ, ਕਿਰਾਏਦਾਰਾਂ ਅਤੇ ਮਕਾਨ-ਮਾਲਕਾਂ ਵਿਚਕਾਰ ਰਿਹਾਇਸ਼ ਨਾਲ ਸੰਬੰਧਿਤ ਵਿਵਾਦਾਂ ਦੇ ਹੱਲ ਲਈ ਸੇਵਾਵਾਂ ਵਾਸਤੇ ਇਕ ਪੂਰੀ ਤਰ੍ਹਾਂ ਡਿਜੀਟਲ ਇਨਟੇਕ ਤਰੀਕਾ ਤਿਆਰ ਕਰਨ ਅਤੇ ਸਥਾਨਕ ਸਰਕਾਰਾਂ ਦੇ ਜਨਤਕ ਨੋਟਿਸਾਂ ਨੂੰ ਆਧੁਨਿਕ ਬਣਾਉਣ ਦੀਆਂ ਕਾਰਵਾਈਆਂ ਪੂਰੀਆਂ ਹੋ ਗਈਆਂ ਹਨ, ਭਾਵੇਂ ਕਿ ਇਨ੍ਹਾਂ `ਤੇ ਨੇਮ ਨਾਲ ਵਿਚਾਰ ਕੀਤੇ ਜਾਣ ਅਤੇ ਅੱਪਡੇਟਸ ਦੀ ਲੋੜ ਹੋਵੇਗੀ। ਬਾਕੀ ਛੇ ਵਚਨਬੱਧਤਾਵਾਂ ਨੂੰ ਅੱਗੇ ਵਧਾਉਣ ਲਈ ਕੰਮ ਜਾਰੀ ਹੈ।

### ਮੁੱਖ ਪ੍ਰਾਪਤੀਆਂ:

- ਵਰਤੋਂ ਕਰਨ ਵਾਲਿਆਂ ਦੇ ਤਜਰਬੇ ਅਤੇ ਪਹੁੰਚਯੋਗਤਾ ਨੂੰ ਬਿਹਤਰ ਬਣਾਉਣ ਲਈ ਨਵੇਂ ਸਰਕਾਰੀ ਵੈੱਬਸਾਈਟ ਅਤੇ ਜਾਣਕਾਰੀ ਤਿਆਰ ਅਤੇ ਸ਼ੁਰੂ ਕੀਤੇ। ਉਦਾਹਰਨ ਲਈ, ਐਮਰਜੰਸੀ ਇੰਫੋ ਬੀ ਸੀ ਇਹ ਯਕੀਨੀ ਬਣਾਉਂਦਾ ਹੈ ਕਿ ਸੂਬਾਈ ਐਮਰਜੈਂਸੀਆਂ ਦੌਰਾਨ ਮਹੱਤਵਪੂਰਨ ਅਤੇ ਜ਼ਿੰਦਗੀ-ਬਚਾਉਣ ਵਾਲੀ ਐਮਰਜੈਂਸੀ ਜਾਣਕਾਰੀ, ਸਪੱਸ਼ਟ ਅਤੇ ਲੱਭਣ ਅਤੇ ਸਮਝਣ ਵਿਚ ਸੌਖੀ ਹੈ।

- ਸੰਚਾਰ ਦੀਆਂ ਵੱਖ ਵੱਖ ਲੋੜਾਂ ਪੂਰੀਆਂ ਕਰਨ ਲਈ ਪੁੱਛਗਿੱਛ ਕਰਨ ਅਤੇ ਮਦਦ ਲੈਣ ਦੇ ਫਾਰਮੈਟ ਦੀਆਂ ਚੋਣਾਂ ਨੂੰ ਵਧਾਇਆ। ਉਦਾਹਰਨ ਵਜੋਂ, gov.bc.ca `ਤੇ ਕੋਵਿਡ-19 ਅਤੇ ਇਨਫਲੂਐਂਜ਼ਾ ਫਲੂ ਦੇ ਟੀਕਿਆਂ, ਐੱਚ ਪੀ ਵੀ, ਸਾਹ ਦੀ ਬੀਮਾਰੀ ਦੇ ਮੌਸਮ, ਹੈਲਥ ਕੈਰੀਅਰ ਐਕਸੈੱਸ ਪ੍ਰੋਗਰਾਮ ਅਤੇ ਨਵੇਂ 'ਸੀਅ ਏ ਫਾਰਮਾਸਿਸਟ' ਪ੍ਰੋਗਰਾਮ ਵਰਗੇ ਮਹੱਤਵਪੂਰਨ ਸਿਹਤ ਵਿਸ਼ਿਆਂ ਅਤੇ ਉੱਦਮਾਂ ਬਾਰੇ ਸੌਖੀ ਅਤੇ ਬਹੁ-ਭਾਸ਼ਾਈ ਜਾਣਕਾਰੀ ਦੇਣਾ ਜਾਰੀ ਰੱਖਿਆ।
- ਸਮਾਰਟਫੋਨ, ਟੈਬਲੇਟ ਜਾਂ ਮੋਬਾਈਲ ਡਿਵਾਈਸ ਨਾ ਰੱਖਣ ਵਾਲੇ ਲੋਕਾਂ ਲਈ ਨਿੱਜੀ ਕੰਪਿਊਟਰ ਦੀ ਵਰਤੋਂ ਨਾਲ ਬੀ ਸੀ ਸਰਵਿਸ ਕਾਰਡ ਲੌਗਿਨ ਸਰਵਿਸ ਤੱਕ ਪਹੁੰਚ ਪ੍ਰਦਾਨ ਕਰਕੇ ਆਨਲਾਈਨ ਸਰਕਾਰੀ ਸੇਵਾਵਾਂ ਤੱਕ ਪਹੁੰਚ ਪ੍ਰਦਾਨ ਕਰਨ ਲਈ ਬੀ ਸੀ ਟੋਕਨ ਸ਼ੁਰੂ ਕੀਤਾ।
- 2027 ਤੱਕ ਸਾਰੇ ਘਰਾਂ ਨੂੰ ਹਾਈ-ਸਪੀਡ ਇੰਟਰਨੈੱਟ ਸੇਵਾਵਾਂ ਨਾਲ ਜੋੜਨ ਦੇ ਟੀਚੇ ਨਾਲ, ਬੀ.ਸੀ. ਵਿਚ ਬ੍ਰੌਡਬੈਂਡ ਬੁਨਿਆਦੀ ਢਾਂਚੇ ਦਾ ਵਿਸਥਾਰ ਕਰਨ ਵਿਚ ਮਦਦ ਕਰਨ ਵਾਲੇ ਪ੍ਰੋਜੈਕਟਾਂ ਲਈ ਸੂਬੇ ਅਤੇ ਕੈਨੇਡਾ ਦੀ ਸਾਂਝੀ ਫੰਡਿੰਗ ਵਿਚ $830 ਮਿਲੀਅਨ ਤੱਕ ਨਿਵੇਸ਼ ਕਰਨਾ ਜਾਰੀ ਰੱਖਿਆ। 2023 ਵਿਚ, ਸਰਕਾਰ ਨੇ ਹਾਈਵੇ ਸੈਲੂਲਰ ਕਵਰੇਜ ਨੂੰ 550 ਕਿਲੋਮੀਟਰ ਤੱਕ ਵਧਾਉਣ ਲਈ $75 ਮਿਲੀਅਨ ਦੀ ਵਾਧੂ ਰਕਮ ਦੇਣ ਦਾ ਵਾਅਦਾ ਕੀਤਾ ਸੀ।
- ਮਾਈ ਸੈਲਫ ਸਰਵ ਪੋਰਟਲ ਵਿਚ ਤਬਦੀਲੀਆਂ ਦੀ ਸ਼ੁਰੂਆਤ ਕੀਤੀ ਜੋ ਕਲਾਇੰਟਾਂ ਨੂੰ ਆਪਣੀ ਜਾਣਕਾਰੀ ਨੂੰ ਜ਼ਿਆਦਾ ਸੌਖ ਨਾਲ ਵਰਤਣ/ਸੰਭਾਲਣ ਦਿੰਦੀਆਂ ਹਨ ਅਤੇ ਸਥਾਈ ਰੁਕਾਵਟਾਂ ਵਾਲੇ ਅਤੇ ਖਾਸ ਦੇਖਭਾਲ ਕਰਨ ਵਾਲੇ ਸਥਾਨਾਂ ਵਿਚ ਰਹਿਣ ਵਾਲੇ ਵਿਅਕਤੀਆਂ ਲਈ ਰਿਪੋਰਟਿੰਗ ਦੀਆਂ ਲੋੜਾਂ ਨੂੰ ਸੌਖਾ ਬਣਾਉਂਦੀਆਂ ਹਨ।
- ਨਵੇਂ ਐਮਰਜੈਂਸੀ ਐਂਡ ਡਿਜ਼ਆਸਟਰ ਮੈਨੇਜਮੈਂਟ ਐਕਟ ਰਾਹੀਂ ਇਹ ਮੰਗ ਕੀਤੀ ਕਿ ਐਮਰਜੈਂਸੀ ਮੈਨੇਜਮੈਂਟਾਂ ਪਲੈਨਾਂ ਖਾਸ ਤੌਰ `ਤੇ, ਡਿਸਏਬਲ ਲੋਕਾਂ `ਤੇ ਐਮਰਜੰਸੀਆਂ ਦੇ ਮਾੜੇ ਅਸਰਾਂ ਨੂੰ ਘਟਾਉਣ ਦੇ ਤਰੀਕਿਆਂ 'ਤੇ ਵਿਚਾਰ ਕਰਨ।

# ਤਰਜੀਹ 3:
# ਬਿਲਡਿੰਗਾਂ, ਬੁਨਿਆਦੀ ਢਾਂਚਾ ਅਤੇ ਜਨਤਕ ਥਾਵਾਂ

ਮਨਿਸਟਰੀਆਂ ਨੇ ਇਸ ਤਰਜੀਹ ਅਧੀਨ ਕੰਮ ਦੇ ਸਾਰੇ ਖੇਤਰਾਂ ਵਿਚ ਤਰੱਕੀ ਦੀ ਰਿਪੋਰਟ ਦਿੱਤੀ ਅਤੇ ਕੈਪੀਟਲ ਪ੍ਰੋਜੈਕਟ ਗਰਾਂਟ ਪ੍ਰੋਗਰਾਮਾਂ ਲਈ ਪਹੁੰਚਯੋਗਤਾ ਦੀ ਯੋਗਤਾ ਦੇ ਮਾਪਦੰਡ ਦਾ ਏਕੀਕਰਨ ਮੁਕੰਮਲ ਕੀਤਾ।
ਬਾਕੀ ਵਚਨਬੱਧਤਾਵਾਂ `ਤੇ ਚੱਲ ਰਹੇ ਕੰਮ ਵਿਚ ਬੁਨਿਆਦੀ ਢਾਂਚੇ ਦੇ ਔਡਿਟਸ (ਲੇਖਾ-ਪੜਤਾਲ) ਅਤੇ ਜਨਤਕ-ਵਰਤੋਂ ਵਾਲੀਆਂ ਸਹੂਲਤਾਂ ਅਤੇ ਥਾਵਾਂ ਵਿਚ ਨਿਵੇਸ਼, ਨਵੇਂ ਪ੍ਰੋਜੈਕਟਾਂ ਦੀ ਪਲੈਨਿੰਗ ਵਿਚ ਪਹੁੰਚਯੋਗਤਾ ਬਾਰੇ ਵਿਚਾਰਾਂ ਨੂੰ ਸ਼ਾਮਲ ਕਰਨਾ, ਵਸਤਾਂ ਅਤੇ ਸੇਵਾਵਾਂ ਖ੍ਰੀਦਣ ਨਾਲ ਸੰਬੰਧਿਤ ਸਰਕਾਰੀ ਨੀਤੀਆਂ (ਗਵਰਮੈਂਟ ਪ੍ਰੋਕਿਊਰਮੈਂਟ ਪੌਲਸੀਜ਼) ਨੂੰ ਵਧੇਰੇ ਪਹੁੰਚਯੋਗ ਬਣਾਉਣ ਲਈ ਸੋਧਣਾ, ਅਤੇ ਆਵਾਜਾਈ ਦੇ ਸਾਧਨਾਂ ਅਤੇ ਸੇਵਾਵਾਂ ਦੀ ਸੇਫਟੀ ਅਤੇ ਪਹੁੰਚਯੋਗਤਾ ਨੂੰ ਯਕੀਨੀ ਬਣਾਉਣਾ ਸ਼ਾਮਲ ਹੈ।

## ਮੁੱਖ ਪ੍ਰਾਪਤੀਆਂ:

- ਵਿੱਤੀ ਸਾਲ 2022-23 ਵਿਚ $17 ਮਿਲੀਅਨ ਤੋਂ ਇਲਾਵਾ, ਐਮਰਜੈਂਸੀ ਸਿਸਟਮਾਂ, ਵਾਸ਼ਰੂਮਾਂ, ਸਾਈਨਾਂ ਅਤੇ ਰਸਤਾ ਲੱਭਣ ਵਿਚ ਪਹੁੰਚਯੋਗਤਾ ਦੇ ਸੁਧਾਰਾਂ ਲਈ $4.6 ਮਿਲੀਅਨ ਦਾ ਨਿਵੇਸ਼ ਕੀਤਾ।
- ਕੋਰਟਹਾਊਸਾਂ, ਫਰੰਟਕੰਟਰੀ ਕੈਂਪਗਰਾਊਂਡਾਂ ਅਤੇ ਦਿਨ ਦੀ ਵਰਤੋਂ ਵਾਲੇ ਖੇਤਰਾਂ, ਅਤੇ ਕੋਰੈਕਸ਼ਨ ਆਫਿਸਾਂ ਅਤੇ ਕੋਰੈਕਸ਼ਨ ਸਥਾਨਾਂ ਵਿਚ ਪਹੁੰਚਯੋਗਤਾ ਵਧਾਉਣ ਲਈ ਉੱਦਮ ਪੂਰੇ ਕੀਤੇ।
- ਮਨਿਸਟਰੀ ਔਫ ਸੋਸ਼ਲ ਡਿਵੈਲਪਮੈਂਟ ਐਂਡ ਪੌਵਰਟੀ ਰਿਡਕਸ਼ਨ ਅਤੇ ਸਰਵਿਸ ਬੀ ਸੀ ਨੇ ਟੈਕਸ ਦੇਣ ਵਾਲਿਆਂ ਨੂੰ ਵਿਅਕਤੀਗਤ ਤੌਰ `ਤੇ, ਫ਼ੋਨ ਰਾਹੀਂ ਅਤੇ ਔਨਲਾਈਨ ਪਹੁੰਚਯੋਗ ਫਰੰਟ-ਲਾਈਨ ਸੇਵਾਵਾਂ ਦੇਣ ਲਈ ਰਲ ਕੇ ਕੰਮ ਕੀਤਾ।
- 2024 ਬੀ.ਸੀ. ਬਿਲਡਿੰਗ ਕੋਡ ਅਪਣਾਇਆ।

- ਨੁਕਸਾਨ ਦੀ ਜ਼ਦ ਵਿਚ ਆ ਸਕਣ ਵਾਲੇ ਸੜਕ ਦੀ ਵਰਤੋਂ ਕਰਨ ਵਾਲਿਆਂ ਨੂੰ ਧਿਆਨ ਵਿਚ ਰੱਖ ਕੇ, ਆਵਾਜਾਈ ਦੇ ਹੋਰ ਤਰੀਕਿਆਂ ਨੂੰ ਉਤਸ਼ਾਹ ਦੇਣ ਲਈ ਮੋਟਰ ਵਹੀਕਲ ਐਕਟ ਵਿਚ ਤਬਦੀਲੀਆਂ ਨੂੰ ਲਾਗੂ ਕੀਤਾ।
- ਸਾਂਝੇ ਮੋਬਿਲਟੀ ਯੰਤਰਾਂ ਦੀ ਸੇਫਟੀ ਦਾ ਪਤਾ ਲਾਉਣ ਲਈ 2028 ਤੱਕ ਈ-ਮੋਬਿਲਟੀ ਪਾਇਲਟ ਪ੍ਰੋਜੈਕਟ ਨੂੰ ਜਾਰੀ ਰੱਖਿਆ।
- ਪਹੁੰਚਯੋਗਤਾ ਅਤੇ ਸਥਿਰਤਾ ਲਈ ਆਵਾਜਾਈ ਅਤੇ ਜ਼ਮੀਨ ਦੀ ਵਰਤੋਂ ਦੀ ਪਲੈਨਿੰਗ ਨੂੰ ਬਿਹਤਰ ਢੰਗ ਨਾਲ ਮੇਲਣ ਲਈ ਸਾਂਝਾ ਪਲੈਨਿੰਗ ਉੱਦਮ ਸ਼ੁਰੂ ਕੀਤਾ।
- ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦੇ ਖਰਚੇ ਨੂੰ ਵੰਡਣ ਲਈ ਮੂਲਵਾਸੀ ਅਤੇ ਸਥਾਨਕ ਸਰਕਾਰਾਂ ਨੂੰ $24.8 ਮਿਲੀਅਨ ਦਿੱਤੇ ਗਏ ਤਾਂ ਜੋ ਲੋਕਾਂ ਦੀ ਸਾਲ ਭਰ ਸਫ਼ਰ ਦੇ ਸੁਰੱਖਿਅਤ ਰਾਹਾਂ ਤੱਕ ਪਹੁੰਚ ਹੋ ਸਕੇ।



# ਤਰਜੀਹ 4:
# ਬੀ.ਸੀ. ਪਬਲਿਕ ਸਰਵਿਸ ਵਿਚ ਰੁਜ਼ਗਾਰ

ਇਸ ਤਰਜੀਹੀ ਖੇਤਰ ਅਧੀਨ ਪੰਜ ਵਚਨਬੱਧਤਾਵਾਂ ਵਿੱਚੋਂ ਤਿੰਨ ਪੂਰੀਆਂ ਹੋ ਚੁੱਕੀਆਂ ਹਨ: ਤਿੰਨ-ਸਾਲਾ ਵਿਭਿੰਨਤਾ ਅਤੇ ਸ਼ਮੂਲੀਅਤ ਦੀ ਯੋਜਨਾ ਨੂੰ ਲਾਗੂ ਕਰਨਾ, ਵਰਕ-ਏਬਲ ਇੰਟਰਨਸ਼ਿਪ ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲਿਆਂ ਨੂੰ ਸਰੋਤ ਅਤੇ ਸਹਾਇਤਾ ਪ੍ਰਦਾਨ ਕਰਨਾ, ਅਤੇ ਬੀ.ਸੀ. ਪਬਲਿਕ ਸਰਵਿਸ ਵਿਚ ਜੌਬਾਂ ਨੂੰ ਉਤਸ਼ਾਹ ਦੇਣ ਲਈ ਡਿਸਏਬਿਲਟੀ-ਸਰਵਿਸ ਸੰਸਥਾਵਾਂ ਤੱਕ ਪਹੁੰਚ ਕਰਨਾ। ਇਸ ਕੰਮ ਦੇ ਕੁਝ ਹਿੱਸੇ ਜਾਰੀ ਰਹਿਣ ਵਾਲੇ ਉੱਦਮ ਹਨ। ਰੁਕਾਵਟਾਂ ਨੂੰ ਦੂਰ ਕਰਨ ਵਾਲੀਆਂ ਤਬਦੀਲੀਆਂ (ਅਕਾਮੋਡੇਸ਼ਨਜ਼) ਦੀਆਂ ਨੀਤੀਆਂ ਨੂੰ ਅਪਡੇਟ ਕਰਨ ਅਤੇ ਕੰਮ `ਤੇ ਰੱਖਣ ਵਾਲੇ ਮੈਨੇਜਰਾਂ ਅਤੇ ਜੌਬ ਲਈ ਐਪਲੀਕੇਸ਼ਨ ਕਰਨ ਵਾਲਿਆਂ ਦੀ ਰੁਕਾਵਟਾਂ ਨੂੰ ਦੂਰ ਕਰਨ ਵਾਲੀਆਂ ਤਬਦੀਲੀਆਂ (ਅਕਾਮੋਡੇਸ਼ਨਜ਼) ਨਾਲ ਬਿਹਤਰ ਮਦਦ ਕਰਨ ਲਈ ਹੋਰ ਦੋ ਵਚਨਬੱਧਤਾਵਾਂ 'ਤੇ ਕੰਮ ਜਾਰੀ ਹੈ।

## ਮੁੱਖ ਪ੍ਰਾਪਤੀਆਂ:

- ਪਹੁੰਚਯੋਗਤਾ ਅਤੇ ਸ਼ਾਮਲ ਕਰਨ ਵਾਲੀ ਭਰਤੀ `ਤੇ ਸਿੱਖਣ ਦੇ ਨਵੇਂ ਮੌਕੇ ਤਿਆਰ ਕੀਤੇ।
- ਸਰਕਾਰ ਭਰ ਵਿਚ ਪਬਲਿਕ ਸਰਵਿਸ ਵਿਚ ਡਿਸਏਬਿਲਟੀਜ਼ ਵਾਲੇ ਲੋਕਾਂ ਲਈ ਅਰਗੋਨੋਮਿਕ ਫਰਨੀਚਰ ਅਤੇ ਸਹਾਇਕ ਤਕਨਾਲੋਜੀਆਂ ਦੀ ਵਿਵਸਥਾ ਨੂੰ ਬਿਹਤਰ ਬਣਾਉਣ ਲਈ ਸ਼ਾਮਲ ਹੋਏ।
- ਵਰਕ-ਏਬਲ ਇੰਟਰਨਸ਼ਿਪ ਦੀ ਹਿਮਾਇਤ ਕੀਤੀ, ਜਿਸ ਨੇ 19 ਤੋਂ ਵੱਧ ਮਨਿਸਟਰੀਆਂ ਵਿਚ 148 ਤੋਂ ਵੱਧ ਇੰਟਰਨਜ਼ ਨੂੰ ਨਿਯੁਕਤ ਕੀਤਾ ਹੈ, ਜਿਸ ਵਿਚ ਜੌਬ ਲੱਭਣ ਅਤੇ ਕੈਰੀਅਰ ਵਿਕਾਸ ਬਾਰੇ ਸਿੱਖਣ ਦੇ ਮਾਸਿਕ ਮੌਕੇ ਪ੍ਰਦਾਨ ਕਰਨਾ ਸ਼ਾਮਲ ਹੈ।
- ਡਿਸਏਬਿਲਟੀ ਅਤੇ ਰੁਕਾਵਟਾਂ ਨੂੰ ਦੂਰ ਕਰਨ ਵਾਲੀਆਂ ਤਬਦੀਲੀਆਂ (ਅਕਾਮੋਡੇਸ਼ਨਜ਼) ਦੁਆਲੇ ਉਨ੍ਹਾਂ ਦੀ ਸਮਰੱਥਾ ਵਧਾਉਣ ਲਈ ਸੁਪਰਵਾਈਜ਼ਰਾਂ ਅਤੇ ਗਾਈਡਾਂ ਲਈ ਸਰੋਤ ਵਿਕਸਿਤ ਕੀਤੇ।

## ਤਰਜੀਹ 5:
## ਵਸਤੂਆਂ ਅਤੇ ਸੇਵਾਵਾਂ ਦੀ ਡਿਲਿਵਰੀ

ਡਿਸਏਬਿਲਟੀਜ਼ ਵਾਲੇ ਸਿੱਖਿਆਰਥੀਆਂ ਦੀ ਸਹਾਇਤਾ ਲਈ ਸਟੂਡੈਂਟ ਏਡ ਬੀ ਸੀ ਵਲੋਂ ਦਿੱਤੇ ਜਾਂਦੇ ਪ੍ਰੋਗਰਾਮਾਂ ਨੂੰ ਆਧੁਨਿਕ ਬਣਾਉਣ ਦੀ ਵਚਨਬੱਧਤਾ ਪੂਰੀ ਹੋ ਚੁੱਕੀ ਹੈ। ਇਸ ਤਰਜੀਹ ਅਧੀਨ ਬਾਕੀ ਨੌਂ ਵਚਨਬੱਧਤਾਵਾਂ ਜਾਰੀ ਹਨ। ਇਸ ਖੇਤਰ ਵਿਚਲੇ ਕੰਮ ਵਿਚ ਬੱਚਿਆਂ ਅਤੇ ਜਵਾਨਾਂ ਲਈ ਮਦਦ ਕਰਨ ਵਾਲੀਆਂ ਸੇਵਾਵਾਂ ਨੂੰ ਜਾਰੀ ਰੱਖਣਾ ਅਤੇ ਇਨ੍ਹਾਂ ਨੂੰ ਨਵਿਆਉਣਾ; ਪੜ੍ਹਾਈ, ਜੌਬ ਦੀ ਸਿਖਲਾਈ ਅਤੇ ਰੁਜ਼ਗਾਰ ਦੇ ਪ੍ਰੋਗਰਾਮਾਂ ਤੱਕ ਪਹੁੰਚ ਨੂੰ ਬਿਹਤਰ ਬਣਾਉਣਾ; ਬੀ.ਸੀ. ਦੀਆਂ ਸਿਰਜਣਾਤਮਕਤਾ ਨਾਲ ਸੰਬੰਧਿਤ (ਕ੍ਰੀਏਟਿਵ) ਇੰਡਸਟਰੀਆਂ ਵਿਚ ਬਰਾਬਰੀ ਦੇ ਪ੍ਰੋਗਰਾਮਾਂ ਦੀ ਹਿਮਾਇਤ ਕਰਨਾ; ਅਤੇ ਬੀ.ਸੀ. ਦੀ ਟੂਰਿਜ਼ਮ ਇੰਡਸਟਰੀ ਲਈ ਪਹੁੰਚਯੋਗਤਾ ਦੇ ਪ੍ਰੋਜੈਕਟਾਂ ਅਤੇ ਰੁਜ਼ਗਾਰ ਸਹਾਇਤਾ ਵਿਚ ਪੂੰਜੀ-ਨਿਵੇਸ਼ ਕਰਨਾ ਸ਼ਾਮਲ ਹਨ।

### ਮੁੱਖ ਪ੍ਰਾਪਤੀਆਂ:

- ਸਟੂਡੈਂਟ ਏਡ ਐਕਸੈਸੇਬਿਲਟੀ ਪ੍ਰੋਗਰਾਮ ਦੀਆਂ ਸੋਧੀਆਂ ਗਈਆਂ ਪੌਲਸੀਆਂ ਨੇ ਲਰਨਿੰਗ ਡਿਸਏਬਿਲਟੀ ਅਸੈੱਸਮੈਂਟ ਬਰਸਰੀ (ਵਜ਼ੀਫੇ) ਵਿਚ ਵਾਧਾ ਕੀਤਾ ਅਤੇ ਵੱਖ-ਵੱਖ ਰੁਕਾਵਟਾਂ ਵਾਲੇ ਵਿਦਿਆਰਥੀਆਂ ਦੀ ਬਿਹਤਰ ਮਦਦ ਕਰਨ ਲਈ ਖਰਚਾ ਮੋੜਨ ਅਤੇ ਵੰਡ ਕਰਨ ਦੀਆਂ ਨੀਤੀਆਂ ਨੂੰ ਅਪਡੇਟ ਕੀਤਾ।
- 2022-23 ਵਿਚ ਲਗਭਗ ਵਰਕ ਬੀ ਸੀ ਦੇ 1,710 ਕਲਾਇੰਟਾਂ ਨੂੰ ਵਰਕ ਬੀ ਸੀ ਅਸਿਸਟਿਵ ਟੈਕਨੌਲੋਜੀ ਦੀਆਂ ਸੇਵਾਵਾਂ ਦਿੱਤੀਆਂ।
- ਡਿਸਏਬਿਲਟੀਜ਼ ਵਾਲੇ ਵਿਅਕਤੀਆਂ ਵਾਸਤੇ ਰੁਜ਼ਗਾਰ ਲਈ ਹੁਨਰਾਂ ਦੀ ਸਿਖਲਾਈ ਦਾ ਪ੍ਰੋਗਰਾਮ 2022-23 ਵਿਚ ਸ਼ੁਰੂ ਕੀਤਾ ਗਿਆ ਸੀ, ਅਤੇ ਇਹ ਸਬਕ 2023-24 ਵਿਚ ਰੁਜ਼ਗਾਰ ਲਈ ਕਈ ਤਰ੍ਹਾਂ ਦੀਆਂ ਰੁਕਾਵਟਾਂ ਦਾ ਸਾਹਮਣਾ ਕਰ ਰਹੇ ਵਿਅਕਤੀਆਂ ਲਈ ਅਪਡੇਟ ਕੀਤੇ ਗਏ ਪ੍ਰੋਗਰਾਮ ਵਿਚ ਸ਼ਾਮਲ ਕੀਤੇ ਗਏ ਸਨ।

- ਕਲੋਨਾ, ਪ੍ਰਿੰਸ ਰੂਪਰਟ, ਟੈਰੇਸ ਅਤੇ ਸਮਿਦਰਜ਼ ਵਿਚ ਮਦਦ ਦੀਆਂ ਲੋੜਾਂ ਵਾਲੇ ਬੱਚਿਆਂ ਅਤੇ ਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਬਹੁ-ਅਨੁਸ਼ਾਸਨੀ ਸਹਾਇਤਾ ਟੀਮਾਂ ਨਾਲ ਸਰਵਿਸ ਦੀ ਇਕ ਨਵੀਂ ਪਹੁੰਚ ਟੈੱਸਟ ਕਰਨ ਲਈ ਇਕ ਪਾਇਲਟ ਪ੍ਰੋਗਰਾਮ ਸ਼ੁਰੂ ਕੀਤਾ।
- 2022-23 ਵਿਚ 22 ਸਕੂਲ ਜ਼ਿਲ੍ਹਿਆਂ ਵਿਚ ਸਕੂਲ ਤੋਂ ਬਾਅਦ ਖੇਡਾਂ ਅਤੇ ਕਲਾ ਦੇ ਉੱਦਮ (ਏ ਐੱਸ ਐੱਸ ਏ ਆਈ) ਲਈ ਸਾਲਾਨਾ $1.4 ਮਿਲੀਅਨ ਪ੍ਰਦਾਨ ਕੀਤੇ, ਜਿਸ ਨਾਲ ਘੱਟ ਨੁਮਾਇੰਦਗੀ ਵਾਲੇ 10,000 ਜਵਾਨਾਂ ਅਤੇ ਨਿਸ਼ਚਿਤ ਡਿਸਏਬਿਲਟੀਜ਼ ਵਾਲੇ 1,300 ਜਵਾਨਾਂ ਨੂੰ ਸਰਵਿਸ ਮਿਲੀ।
- ਬਰਾਬਰੀ-ਚਾਹੁਣ ਵਾਲੇ ਗਰੁੱਪਾਂ ਤੋਂ ਬੀ.ਸੀ. ਦੇ ਫਿਲਮ ਨਿਰਮਾਤਾਵਾਂ ਲਈ $750,000 ਦੇ ਫੰਡਾਂ ਦਾ ਐਲਾਨ ਕੀਤਾ, ਜਿਸ ਵਿਚ ਡਿਸਏਬਿਲਟੀਜ਼ ਵਾਲੇ ਲੋਕ ਵੀ ਸ਼ਾਮਲ ਹਨ।
- ਟੂਰਿਜ਼ਮ ਅਤੇ ਮਹਿਮਾਨ-ਨਿਵਾਜ਼ੀ ਦੇ ਕਾਰੋਬਾਰਾਂ ਦੇ ਖੇਤਰ ਵਿਚ ਪਹੁੰਚਯੋਗਤਾ ਅਤੇ ਸ਼ਮੂਲੀਅਤ ਨੂੰ ਬਿਹਤਰ ਬਣਾਉਣ ਲਈ ਮੁਫਤ ਸਲਾਹਕਾਰੀ ਸੇਵਾਵਾਂ ਦੇਣ ਲਈ go2HR ਨਾਲ ਸਹਿਯੋਗ ਕੀਤਾ।
- ਟੂਰਿਜ਼ਮ ਇੰਡਸਟਰੀ ਵਿਚ ਕੰਮ ਕਰਨ ਵਾਲੇ ਮੂਲਵਾਸੀ ਵਰਕਰਾਂ ਲਈ ਮੂਲਵਾਸੀ – ਅਗਵਾਈ ਵਾਲੇ ਸਭਿਆਚਾਰ `ਤੇ ਕੇਂਦਰਿਤ ਟਰੇਨਿੰਗ ਅਤੇ ਸਿੱਖਿਆ ਦੇ ਮੌਕਿਆਂ ਦੀ ਮਦਦ ਕਰਨ ਲਈ ਇਨਡਿਜਨੈਸ ਟੂਰਿਜ਼ਮ ਬੀ.ਸੀ. ਨਾਲ ਭਾਈਵਾਲੀ ਕੀਤੀ।
- 2022-23 ਵਿਚ ਪਹੁੰਚਯੋਗਤਾ ਨਾਲ ਸੰਬੰਧਿਤ 77 ਟੂਰਿਜ਼ਮ ਪ੍ਰੋਜੈਕਟਾਂ ਵਿਚ ਨਿਵੇਸ਼ ਕੀਤਾ ਅਤੇ ਮੌਜੂਦਾ ਪਹੁੰਚਯੋਗ ਟੂਰਿਜ਼ਮ ਸਹੂਲਤਾਂ ਨੂੰ ਅਪਡੇਟ ਕੀਤਾ।

# ਐਕਸੈਸੇਬਿਲਟੀ ਫੀਡਬੈਕ ਟੂਲ

ਐਕਸੈਸੇਬਿਲਟੀ ਫੀਡਬੈਕ ਟੂਲ (ਏ ਐੱਫ ਟੀ) ਅਕਤੂਬਰ 2022 ਵਿਚ ਸ਼ੁਰੂ ਕੀਤਾ ਗਿਆ ਸੀ ਅਤੇ ਜੁਲਾਈ ਅਤੇ ਅਕਤੂਬਰ 2023 ਵਿਚ ਸੋਧਿਆ ਗਿਆ ਸੀ ਤਾਂ ਜੋ ਪਛਾਣ ਸਬੰਧੀ ਸਵਾਲ ਸ਼ਾਮਲ ਕੀਤੇ ਜਾ ਸਕਣ, ਜਿਸ ਨਾਲ ਸਰਕਾਰੀ ਪ੍ਰੋਗਰਾਮਾਂ ਅਤੇ ਸੇਵਾਵਾਂ ਤੱਕ ਪਹੁੰਚ ਕਰਨ ਸਮੇਂ ਖਾਸ ਗਰੁੱਪਾਂ ਦੇ ਰਾਹ ਵਿਚ ਆਉਂਦੀਆਂ ਸਿਸਟਮਬੱਧ ਅਤੇ ਅੰਤਰ-ਖੇਤਰੀ ਰੁਕਾਵਟਾਂ ਨੂੰ ਸਮਝਣ ਵਿਚ ਮਦਦ ਮਿਲ ਸਕੇ।

ਇਹ ਟੂਲ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ ਡਿਸਏਬਲ ਲੋਕਾਂ ਵਲੋਂ ਸਰਕਾਰੀ ਪ੍ਰੋਗਰਾਮਾਂ ਅਤੇ ਸੇਵਾਵਾਂ ਤੱਕ ਪਹੁੰਚ ਕਰਨ ਵਿਚ ਦਰਪੇਸ਼ ਆ ਰਹੀਆਂ ਰੁਕਾਵਟਾਂ ਬਾਰੇ ਫੀਡਬੈਕ ਦੇਣ ਦਾ ਇਕ ਤਰੀਕਾ ਪ੍ਰਦਾਨ ਕਰਦਾ ਹੈ। ਅਕਤੂਬਰ 2022 ਅਤੇ ਮਾਰਚ 2024 ਦੇ ਵਿਚਕਾਰ, ਸਰਕਾਰ ਨੂੰ 241 ਸਬਮਿਸ਼ਨਜ਼ ਮਿਲੀਆਂ ਹਨ। ਐਕਸੈਸੇਬਿਲਟੀ ਡਾਇਰਕਟੋਰੇਟ ਤਿਮਾਹੀ ਏ ਐੱਫ ਟੀ ਰਿਪੋਰਟਾਂ ਤਿਆਰ ਕਰਦਾ ਹੈ ਜੋ ਜਨਤਕ ਸਬਮਿਸ਼ਨਜ਼ ਤੋਂ ਮਿਲੇ ਫੀਡਬੈਕ ਨੂੰ ਦਸਤਾਵੇਜ਼ੀ ਰੂਪ ਦਿੰਦੀਆਂ ਹਨ ਅਤੇ ਇਨ੍ਹਾਂ ਨੂੰ ਪ੍ਰਭਾਵਿਤ ਮਨਿਸਟਰੀਆਂ ਨਾਲ ਸਾਂਝਾ ਕਰਦਾ ਹੈ।

ਸਰਕਾਰ ਏ ਐੱਫ ਟੀ ਦੇ ਅੰਕੜਿਆਂ ਦੀ ਵਰਤੋਂ ਰੁਕਾਵਟਾਂ ਦੀ ਪਛਾਣ ਅਤੇ ਵਿਸ਼ਲੇਸ਼ਣ ਕਰਨ, ਅੰਕੜੇ ਸਾਂਝੇ ਕਰਨ, ਅਤੇ ਹਿੱਸੇਦਾਰਾਂ ਨਾਲ ਮਿਲ ਕੇ ਬੀ.ਸੀ. ਵਿਚ ਪਹੁੰਚਯੋਗਤਾ ਵਿਚ ਸੁਧਾਰ ਕਰਨ ਲਈ ਕਰਦੀ ਹੈ। ਜਿੱਥੇ ਲਾਗੂ ਹੁੰਦਾ ਹੈ, ਟੂਲ ਰਾਹੀਂ ਮਿਲੀ ਫੀਡਬੈਕ ਨੂੰ ਸੰਬੰਧਿਤ ਮਨਿਸਟਰੀਆਂ ਨਾਲ ਸਾਂਝਾ ਕੀਤਾ ਜਾਂਦਾ ਹੈ।

ਟੂਲ ਰਾਹੀਂ ਮਿਲੀ ਫੀਡਬੈਕ ਦੇ ਜਵਾਬ ਵਿਚ, ਸਰਕਾਰ ਭਰ ਦੀਆਂ ਮਨਿਸਟਰੀਆਂ ਨੇ ਕਈ ਨੀਤੀਗਤ ਅਤੇ ਅਮਲੀ ਤਬਦੀਲੀਆਂ ਕੀਤੀਆਂ ਹਨ। ਉਦਾਹਰਣ ਲਈ, ਨਾ-ਪਹੁੰਚਯੋਗ ਬੁਨਿਆਦੀ ਢਾਂਚੇ ਅਤੇ ਸਹੂਲਤਾਂ ਦੇ ਜਵਾਬ ਵਿਚ, ਮਨਿਸਟਰੀਆਂ ਨੇ 2024-25 ਲਈ ਉਨ੍ਹਾਂ ਖੇਤਰਾਂ ਵਿਚ ਵਿਉਂਤਬੱਧ ਨਿਵੇਸ਼ਾਂ ਨੂੰ ਪਹਿਲ ਦਿੱਤੀ ਹੈ, ਜਿਵੇਂ ਕਿ ਟੌਆਇਲਿਟ ਦੀਆਂ ਪਹੁੰਚਯੋਗ ਸਹੂਲਤਾਂ ਪ੍ਰਦਾਨ ਕਰਨਾ।

ਹੋਰ ਮਨਿਸਟਰੀਆਂ ਨੇ ਜਨਤਾ ਨਾਲ ਸਿੱਧੇ ਸੰਪਰਕ ਵਾਲੇ ਦਫ਼ਤਰਾਂ ਵਿਚ ਭਰੋਸੇਯੋਗ ਅਤੇ ਆਰਾਮਦਾਇਕ ਸਰਵਿਸ ਦੇਣ ਨੂੰ ਯਕੀਨੀ ਬਣਾਉਣ ਲਈ ਤਕਨੀਕੀ ਗਾਈਡਲਾਈਨਾਂ ਤਿਆਰ ਕੀਤੀਆਂ ਹਨ, ਜਿਵੇਂ ਕਿ ਕਾਫ਼ੀ ਰੋਸ਼ਨੀ ਨੂੰ ਯਕੀਨੀ ਬਣਾਉਣਾ ਅਤੇ ਕਮਿਊਨੀਕੇਸ਼ਨ (ਸੰਚਾਰ) ਵਿਚ ਰੁਕਾਵਟ ਪਾ ਸਕਣ ਵਾਲੇ ਸ਼ੋਰ ਅਤੇ ਹੋਰ ਵਿਘਨਾਂ ਨੂੰ ਸੀਮਿਤ ਕਰਨਾ। ਸਹਾਇਕ ਤਕਨਾਲੋਜੀ ਦੀਆਂ ਮਦਦਾਂ ਦੇ ਦੁਆਲੇ ਦੀਆਂ ਰੁਕਾਵਟਾਂ ਦੇ ਜਵਾਬ ਵਿਚ, ਮਨਿਸਟਰੀਆਂ ਨੇ ਨਵੀਂ ਤਕਨਾਲੋਜੀ ਹਾਸਲ ਕਰਨ ਅਤੇ ਜ਼ਿਆਦਾ ਪਹੁੰਚਯੋਗ ਸਰਵਿਸ ਦੇਣ ਲਈ ਸੁਧਾਰਾਂ ਦੀ ਵਿਉਂਤ ਬਣਾਈ ਹੈ। ਸਰਕਾਰ ਨੇ ਸਰਵਿਸ ਦੇਣ ਦੇ ਹੋਰ ਤਰੀਕੇ ਪ੍ਰਦਾਨ ਕਰਕੇ ਅਤੇ ਸਾਦੀ ਭਾਸ਼ਾ ਵਾਲੇ ਸਰੋਤ ਅਤੇ ਨੀਤੀਆਂ ਲਾਗੂ ਕਰਕੇ ਕਮਿਊਨੀਕੇਸ਼ਨ ਨਾਲ ਸੰਬੰਧਿਤ ਰੁਕਾਵਟਾਂ ਨੂੰ ਦੂਰ ਕਰਨ ਲਈ ਵੀ ਕੰਮ ਕੀਤਾ ਹੈ।

ਸਰਕਾਰ ਦੇ ਐਕਸੈਸੇਬਿਲਟੀ ਫੀਡਬੈਕ ਟੂਲ (ਏ ਐੱਫ ਟੀ) ਰਾਹੀਂ ਰੁਕਾਵਟਾਂ ਬਾਰੇ ਮਿਲੀ **ਲੋਕਾਂ ਦੀ ਫੀਡਬੈਕ** ਨੂੰ ਹੇਠਾਂ ਦਿੱਤੀਆਂ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ:

- ਉਸਾਰਿਆ ਗਿਆ ਮਾਹੌਲ (ਬਿਲਟ ਇਨਵਾਇਰਮੈਂਟ)
- ਸੇਵਾਵਾਂ ਦੀ ਡਿਲੀਵਰੀ
- ਸਿੱਖਿਆ
- ਰੁਜ਼ਗਾਰ
- ਸਿਹਤ
- ਰਿਹਾਇਸ਼ਾਂ
- ਜਾਣਕਾਰੀ ਅਤੇ ਕਮਿਊਨੀਕੇਸ਼ਨ
- ਆਵਾਜਾਈ

ਇਨ੍ਹਾਂ ਰੁਕਾਵਟਾਂ ਬਾਰੇ ਜ਼ਿਆਦਾ ਜਾਣਕਾਰੀ ਐਕਸੈਸੇਬਿਲਟੀ ਫੀਡਬੈਕ ਟੂਲ ਵੈੱਬਪੇਜ `ਤੇ ਉਪਲਬਧ ਹੈ।

# ਹਿੱਸਾ 4:
# ਪਹੁੰਚਯੋਗਤਾ ਦੇ ਮਿਆਰ

## ਪਹੁੰਚਯੋਗਤਾ ਦੇ ਮਿਆਰਾਂ ਦਾ ਵਿਕਾਸ

ਪਹੁੰਚਯੋਗਤਾ ਨਾਲ ਸੰਬੰਧਿਤ ਸੂਬਾਈ ਕਮੇਟੀ (ਪੀ ਏ ਸੀ) ਪਹੁੰਚਯੋਗ ਸਰਵਿਸ ਡਿਲੀਵਰੀ ਅਤੇ ਰੁਜ਼ਗਾਰ ਤੱਕ ਪਹੁੰਚਯੋਗਤਾ ਦੇ ਖੇਤਰਾਂ ਵਿਚ ਦੋ ਪਹੁੰਚਯੋਗਤਾ ਮਿਆਰ ਵਿਕਸਿਤ ਕਰ ਰਹੀ ਹੈ।

- ਪਹੁੰਚਯੋਗ ਸਰਵਿਸ ਡਿਲੀਵਰੀ ਦੇ ਮਿਆਰ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਸਮਾਗਮ, ਸਰਗਰਮੀਆਂ, ਸਲਾਹ ਅਤੇ ਚੀਜ਼ਾਂ ਖਰੀਦਣ ਦਾ ਕਾਰਜ ਅਜਿਹੇ ਪਹੁੰਚਯੋਗ ਤਰੀਕਿਆਂ ਨਾਲ ਪ੍ਰਦਾਨ ਕੀਤੇ ਜਾਣ ਜਿਹੜੇ ਡਿਸਏਬਿਲਟੀਜ਼ ਵਾਲੇ ਲੋਕਾਂ ਦੀ ਸ਼ਮੂਲੀਅਤ ਦਾ ਸਮਰਥਨ ਕਰਦੇ ਹਨ।
- ਰੁਜ਼ਗਾਰ ਤੱਕ ਪਹੁੰਚਯੋਗਤਾ ਦੇ ਮਿਆਰ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਰੁਜ਼ਗਾਰ ਦੇ ਚੱਕਰ (ਭਰਤੀ, ਟਰੇਨਿੰਗ, ਰੱਖੀ ਰੱਖਣਾ, ਆਦਿ) ਦੌਰਾਨ ਰੁਕਾਵਟਾਂ ਦੀ ਪਛਾਣ ਕੀਤੀ ਜਾਵੇ, ਉਨ੍ਹਾਂ ਨੂੰ ਹਟਾਇਆ ਜਾਵੇ, ਅਤੇ ਰੋਕਿਆ ਜਾਵੇ।

ਇਨ੍ਹਾਂ ਦੋ ਮਿਆਰ ਖੇਤਰਾਂ ਨੂੰ ਕਈ ਸਿਧਾਂਤਾਂ ਦੇ ਆਧਾਰ 'ਤੇ ਪਹਿਲ ਦਿੱਤੀ ਗਈ ਸੀ, ਜਿਸ ਵਿਚ ਇਹ ਵੀ ਸ਼ਾਮਲ ਹੈ ਕਿ ਉਹ ਆਮ ਵਰਤੋਂ ਵਾਲੇ ਹਨ ਅਤੇ ਡਿਸਏਬਿਲਟੀ ਭਾਈਚਾਰੇ ਦੇ ਵਿਆਪਕ ਵਰਗ ਲਈ ਰੁਕਾਵਟਾਂ ਨੂੰ ਦੂਰ ਕਰਨਗੇ। ਇਨ੍ਹਾਂ ਮਿਆਰਾਂ ਦੀ ਤਿਆਰੀ ਲਈ ਹੋਰ ਸੂਬਿਆਂ ਵਲੋਂ ਵੀ ਇਕ ਮਿਸਾਲ ਕਾਇਮ ਕੀਤੀ ਗਈ ਹੈ। ਉਦਾਹਰਣ ਲਈ, ਓਨਟਾਰੀਓ ਅਤੇ ਮੈਨੀਟੋਬਾ ਦੋਵਾਂ ਕੋਲ ਇਨ੍ਹਾਂ ਦੋ ਖੇਤਰਾਂ ਵਿਚ ਮਿਆਰ ਹਨ ਅਤੇ ਐਕਸੈਸੇਬਿਲਟੀ ਸਟੈਂਡਰਡਜ਼ ਕੈਨੇਡਾ ਅਤੇ ਨੋਵਾ ਸਕੋਸ਼ੀਆ ਇਸ ਵੇਲੇ ਇਨ੍ਹਾਂ ਖੇਤਰਾਂ ਵਿਚ ਮਿਆਰ ਤਿਆਰ ਕਰ ਰਹੇ ਹਨ।

ਇਹ ਯਕੀਨੀ ਬਣਾਉਣ ਲਈ ਕਿ ਬੀ. ਸੀ. ਸਭ ਤੋਂ ਵਧੀਆ ਅਮਲਾਂ ਦੇ ਆਧਾਰ `ਤੇ ਮਿਆਰ ਤਿਆਰ ਕਰੇ, ਇਹ ਮੌਜੂਦਾ ਕਾਰਜ ਸਾਨੂੰ ਤਜਰਬੇ, ਕਾਮਯਾਬੀ ਅਤੇ ਸਿੱਖਿਆਵਾਂ 'ਤੇ ਅੱਗੇ ਵਧਣ ਦੀ ਆਗਿਆ ਦਿੰਦਾ ਹੈ।

**ਪਹੁੰਚਯੋਗਤਾ ਨਾਲ ਸੰਬੰਧਿਤ ਸੂਬਾਈ ਕਮੇਟੀ** ਤੋਂ ਕਾਨੂੰਨ ਇਹ ਮੰਗ ਕਰਦਾ ਹੈ ਕਿ ਉਹ ਐਕਟ ਲਈ ਜ਼ਿੰਮੇਵਾਰ ਮਨਿਸਟਰ ਅੱਗੇ ਆਖਰੀ ਸਿਫਾਰਸ਼ਾਂ ਪੇਸ਼ ਕਰਨ ਤੋਂ ਪਹਿਲਾਂ ਆਪਣੇ ਵਲੋਂ ਤਿਅਰ ਕੀਤੇ ਗਏ ਪਹੁੰਚਯੋਗਤਾ ਦੇ ਮਿਆਰਾਂ ਦੇ ਖਰੜੇ `ਤੇ ਸਲਾਹ-ਮਸ਼ਵਰਾ ਕਰੇ।

# ਮੂਲਵਾਸੀ ਲੋਕਾਂ ਦੀ ਸ਼ਮੂਲੀਅਤ

ਪਹੁੰਚਯੋਗਤਾ ਦੇ ਪਹਿਲੇ ਦੋ ਮਿਆਰਾਂ ਦੇ ਵਿਕਾਸ ਦੌਰਾਨ, ਐਕਸੈਸੇਬਿਲਟੀ ਡਾਇਰਕਟੋਰੇਟ ਨੇ ਮੂਲਵਾਸੀ ਲੋਕਾਂ ਅਤੇ ਭਾਈਵਾਲਾਂ ਨਾਲ ਲਗਾਤਾਰ ਸਲਾਹ-ਮਸ਼ਵਰਾ ਕੀਤਾ ਹੈ ਅਤੇ ਉਨ੍ਹਾਂ ਨੂੰ ਸ਼ਾਮਲ ਕੀਤਾ ਹੈ। ਪਹੁੰਚਯੋਗਤਾ ਦੇ ਮਿਆਰਾਂ ਦੇ ਵਿਕਾਸ ਵਿਚ ਮੂਲਵਾਸੀ ਲੋਕਾਂ ਦੇ ਹੱਕਾਂ ਬਾਰੇ ਸਲਾਹ-ਮਸ਼ਵਰਾ ਕਰਨ ਅਤੇ ਵਿਚਾਰ ਕਰਨ ਦੀਆਂ ਵਿਸ਼ੇਸ਼ ਵਚਨਬੱਧਤਾਵਾਂ ਐਕਸੈਸੇਬਲ ਬ੍ਰਿਟਿਸ਼ ਕੋਲੰਬੀਆ ਐਕਟ ਦੇ 16 ਅਤੇ 19 ਹਿੱਸਿਆਂ ਵਿਚ ਅਤੇ ਬੀ.ਸੀ. ਦੀ ਡੈਕਲਾਰੇਸ਼ਨ ਐਕਟ ਐਕਸ਼ਨ ਪਲੈਨ 2022-2027 ਦੇ ਐਕਸ਼ਨ 4.9 ਵਿਚ ਸ਼ਾਮਲ ਹਨ।

ਇਸ ਵਚਨਬੱਧਤਾ ਦੇ ਹਿੱਸੇ ਵਜੋਂ, ਸਰਕਾਰ ਇਕ ਵਿਸ਼ੇਸ਼ਤਾ-ਆਧਾਰਿਤ ਪਹੁੰਚ ਦੀ ਪਾਲਣਾ ਕਰਦੀ ਹੈ ਅਤੇ ਮਿਆਰਾਂ ਦੀ ਤਿਆਰੀ ਬਾਰੇ ਤਾਜ਼ਾ ਜਾਣਕਾਰੀ ਦੇਣ ਲਈ ਸਰਕਾਰ ਨੇ ਲਗਭਗ ਤਿਮਾਹੀ ਆਧਾਰ 'ਤੇ ਮੂਲਵਾਸੀ ਹੱਕ ਧਾਰਕਾਂ ਅਤੇ ਸੰਸਥਾਵਾਂ ਨਾਲ ਸੰਪਰਕ ਕੀਤਾ ਹੈ। ਇਸ ਚਲਦੇ ਕੰਮ ਦੌਰਾਨ ਸਰਕਾਰ ਮੂਲਵਾਸੀ ਲੋਕਾਂ ਅਤੇ ਭਾਈਵਾਲਾਂ ਨਾਲ ਲਗਾਤਾਰ ਗੱਲਬਾਤ ਅਤੇ ਸਲਾਹ-ਮਸ਼ਵਰਾ ਜਾਰੀ ਰੱਖਣ ਦਾ ਇਰਾਦਾ ਰੱਖਦੀ ਹੈ।

# ਪਹੁੰਚਯੋਗਤਾ `ਤੇ ਰਾਸ਼ਟਰੀ ਸਹਿਯੋਗ ਨੂੰ ਅੱਗੇ ਵਧਾਉਣ ਲਈ ਬੀ.ਸੀ. ਦੀ ਅਗਵਾਈ

ਸਰਕਾਰ ਪਹੁੰਚਯੋਗਤਾ ਨੂੰ ਅੱਗੇ ਵਧਾਉਣ ਲਈ ਯਤਨਾਂ ਦੇ ਤਾਲਮੇਲ ਲਈ ਕੈਨੇਡਾ ਭਰ ਦੇ ਹੋਰ ਅਧਿਕਾਰ ਖੇਤਰਾਂ ਨਾਲ ਕੰਮ ਕਰਨਾ ਜਾਰੀ ਰੱਖ ਰਹੀ ਹੈ।

ਐਕਸੈਸੇਬਿਲਟੀ ਡਾਇਰਕਟੋਰੇਟ ਪਹੁੰਚਯੋਗਤਾ ਬਾਰੇ ਆਦੇਸ਼ਾਂ ਅਤੇ ਟੀਚਿਆਂ `ਤੇ ਤਾਲਮੇਲ ਅਤੇ ਸਹਿਯੋਗ ਕਰਨ ਲਈ ਐਕਸੈਸੇਬਿਲਟੀ ਸਟੈਂਡਰਡਜ਼ ਕੈਨੇਡਾ ਨਾਲ ਲਗਾਤਾਰ ਕੰਮ ਕਰ ਰਿਹਾ ਹੈ। ਪਿਛਲੇ ਸਾਲ ਦੌਰਾਨ, ਉਨ੍ਹਾਂ ਨੇ ਗਿਆਨ ਅਤੇ ਸਭ ਤੋਂ ਵਧੀਆ ਅਮਲਾਂ ਨੂੰ ਸਾਂਝਾ ਕਰਨ ਲਈ ਮਾਸਿਕ ਮੀਟਿੰਗਾਂ ਕੀਤੀਆਂ ਹਨ ਤਾਂ ਜੋ ਸਰੋਤਾਂ ਅਤੇ ਯਤਨਾਂ ਦੀ ਦੁਹਰਾਈ ਨੂੰ ਘਟਾਇਆ ਅਤੇ ਖਤਮ ਕੀਤਾ ਜਾ ਸਕੇ ਅਤੇ ਪਹੁੰਚਯੋਗਤਾ ਦੇ ਉੱਦਮਾਂ `ਤੇ ਅੱਪਡੇਟਸ ਅਤੇ ਤਰੱਕੀ ਨੂੰ ਸਾਂਝਾ ਕੀਤਾ ਜਾ ਸਕੇ।

ਸੋਸ਼ਲ ਡਿਵੈਲਪਮੈਂਟ ਐਂਡ ਪੌਵਰਟੀ ਰਿਡਕਸ਼ਨ ਦੀ ਮਨਿਸਟਰੀ ਦੇਸ਼ ਵਿਚ ਪਹੁੰਚਯੋਗਤਾ ਦੇ ਮਾਪਦੰਡਾਂ ਦੀ ਸਾਂਝੀ ਸਮਝ ਵਿਕਸਿਤ ਕਰਨ ਅਤੇ ਅਧਿਕਾਰ ਖੇਤਰਾਂ ਵਿਚ ਯਤਨਾਂ ਦਾ ਤਾਲਮੇਲ ਕਰਨ ਲਈ ਕੈਨੇਡਾ ਭਰ ਦੇ ਸੂਬਿਆਂ ਅਤੇ ਟੈਰੀਟਰੀਜ਼ ਦੇ ਅਧਿਕਾਰੀਆਂ ਨੂੰ ਇਕੱਠਾ ਕਰਨ ਵਾਲੇ ਪੈਨ-ਕੈਨੇਡੀਅਨ ਫੋਰਮ ਔਨ ਐਕਸੈਸੇਬਿਲਟੀ ਸਟੈਂਡਰਡਜ਼ ਦੀ ਸਹਿ-ਪ੍ਰਧਾਨਗੀ ਕਰਦੀ ਹੈ।



ਐਕਸੈਸੇਬਿਲਟੀ ਡਾਇਰਕਟੋਰੇਟ ਫੈਡਰਲ-ਸੂਬਾਈ/ਟੈਰੀਟੋਰੀਅਲ (ਐਫ-ਪੀ/ਟੀ) ਪਹੁੰਚਯੋਗਤਾ 'ਤੇ ਖੁੱਲ੍ਹੇ ਫੋਰਮ ਦੀ ਵੀ ਸਹਿ-ਪ੍ਰਧਾਨਗੀ ਕਰਦਾ ਹੈ, ਜੋ ਵੱਖ-ਵੱਖ ਅਧਿਕਾਰ ਖੇਤਰਾਂ ਵਿਚ ਪਹੁੰਚਯੋਗਤਾ ਬਾਰੇ ਅੱਪਡੇਟਸ ਸਾਂਝੇ ਕਰਨ ਅਤੇ ਦੁਨੀਆ ਭਰ ਵਿਚ ਪਹੁੰਚਯੋਗਤਾ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਜਾਣਕਾਰੀ ਦੇ ਇਕ ਸਰੋਤ ਵਜੋਂ ਕੰਮ ਕਰਦਾ ਹੈ। ਇਸ ਤੋਂ ਇਲਾਵਾ, ਉਨ੍ਹਾਂ ਨੂੰ ਡਿਸਏਬਲ ਵਿਅਕਤੀਆਂ ਦੇ ਅਧਿਕਾਰਾਂ ਬਾਰੇ 13 ਜੂਨ ਤੋਂ 15 ਜੂਨ, 2023 ਤੱਕ ਨਿਊਯਾਰਕ ਵਿਚ ਸੰਯੁਕਤ ਰਾਸ਼ਟਰ (ਯੂ ਐੱਨ) ਦੇ ਮੁੱਖ ਦਫਤਰ ਵਿਖੇ ਹੋਈ ਕਨਵੈਨਸ਼ਨ (UNCRPD) ਦੀ 16ਵੀਂ ਕਾਨਫਰੰਸ ਔਫ ਸਟੇਟਸ ਪਾਰਟੀਜ਼ ਲਈ ਕੈਨੇਡਾ ਦੇ ਵਫਦ ਵਿਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਗਿਆ ਸੀ।

**ਸੰਯੁਕਤ ਰਾਸ਼ਟਰ** UNCRPD ਨੂੰ ਲਾਗੂ ਕਰਨ ਬਾਰੇ ਵਿਚਾਰ ਕਰਨ ਅਤੇ ਦੇਸ਼ਾਂ, ਸਿਵਲ ਸੁਸਾਇਟੀ ਸੰਸਥਾਵਾਂ, ਅਤੇ ਡਿਸਏਬਲ ਵਿਅਕਤੀਆਂ ਦੇ ਅਧਿਕਾਰਾਂ ਦੇ ਮਾਹਰਾਂ ਨੂੰ ਵੱਖ-ਵੱਖ ਵਿਸ਼ਿਆਂ `ਤੇ ਸਿੱਖਣ ਦੇ ਮੌਕੇ ਪ੍ਰਦਾਨ ਕਰਨ ਲਈ **ਇਕ ਸਾਲਾਨਾ ਸਮਾਗਮ ਕਰਦਾ ਹੈ।** ਬੀ.ਸੀ. ਕੈਨੇਡੀਅਨ ਵਫਦ ਦੇ ਹਿੱਸੇ ਵਜੋਂ ਸ਼ਾਮਲ ਹੋਣ ਵਾਲੇ ਦੋ ਸੂਬਿਆਂ ਵਿੱਚੋਂ ਇਕ ਸੀ ਅਤੇ ਇਹ ਸੂਬੇ ਵਿਚ ਪਹੁੰਚਯੋਗਤਾ ਵਧਾਉਣ ਲਈ ਇਸ ਸਮਾਗਮ ਤੋਂ ਸਿੱਖੇ ਗਏ ਸਬਕਾਂ ਦੀ ਵਰਤੋਂ ਕਰੇਗਾ।

# ਅੰਤਿਕਾ 1:
# ਪਹੁੰਚਯੋਗਤਾ ਪਲੈਨ ਦੀ ਰਿਪੋਰਟਿੰਗ 2022-23, 2023-24

ਇਹ ਅੰਤਿਕਾ, ਐਕਸੈਸੇਬਲ ਬੀ ਸੀ: ਬੀ.ਸੀ. ਦੀ ਪਹੁੰਚਯੋਗਤਾ ਪਲੈਨ 2022-23 – 2024-25 (ਪਲੈਨ) ਨੂੰ ਲਾਗੂ ਕਰਨ ਬਾਰੇ ਤਰੱਕੀ ਦੀ ਇਕ ਵਿਸਤਾਰਪੂਰਵਕ ਅੱਪਡੇਟ ਪ੍ਰਦਾਨ ਕਰਦੀ ਹੈ। ਇਸ ਅੱਪਡੇਟ ਵਿਚ ਐਕਸੈਸੇਬਲ ਬੀ ਸੀ ਦੇ ਪੰਜ ਤਰਜੀਹੀ ਖੇਤਰਾਂ ਵਿੱਚੋਂ ਹਰ ਇਕ ਅਧੀਨ 37 ਵਚਨਬੱਧਤਾਵਾਂ ਨੂੰ ਅੱਗੇ ਵਧਾਉਣ ਲਈ ਸਰਕਾਰ ਭਰ ਵਿਚ 12 ਮਨਿਸਟਰੀਆਂ ਅਤੇ ਇਕ ਏਜੰਸੀ ਵਲੋਂ ਚੁੱਕੇ ਗਏ ਕਦਮ ਸ਼ਾਮਲ ਹਨ।

## ਤਰਜੀਹ 1: ਪਹੁੰਚਯੋਗਤਾ ਦਾ ਸੱਭਿਆਚਾਰ ਕਾਇਮ ਕਰਨਾ

| ਐਕਸ਼ਨ | ਮਨਿਸਟਰੀ | ਹੁਣ ਤੱਕ ਦੀ ਤਰੱਕੀ |
|---|---|---|
| **1.1** ਜੈਂਡਰ-ਬੇਸਡ ਅਨੈਲਸਿਸ ਪਲੱਸ ਲੈਨਜ਼ (ਜੀ ਬੀ ਏ +) ਲਾਗੂ ਕਰਨਾ ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਵੱਖ ਵੱਖ ਗਰੁੱਪਾਂ `ਤੇ ਸਰਕਾਰੀ ਨੀਤੀਆਂ, ਪ੍ਰੋਗਰਾਮਾਂ ਅਤੇ ਉੱਦਮਾਂ ਦਾ ਕਿਵੇਂ ਅਸਰ ਪੈ ਸਕਦਾ ਹੈ।<br><br>**ਜਾਰੀ** | **ਮਨਿਸਟਰੀ ਔਫ ਫਾਇਨੈਂਸ** | ➢ ਇਹ ਯਕੀਨੀ ਬਣਾਇਆ ਕਿ ਪੌਲਸੀ ਬਰਾਂਚਾਂ ਕੋਲ ਜੀ ਬੀ ਏ+ ਵਿਸ਼ਲੇਸ਼ਣ ਕਰਨ ਦਾ ਤਰੀਕਾ ਹੈ।<br>➢ ਇਹ ਮੰਗ ਕੀਤੀ ਕਿ ਕੈਬਨਿਟ ਅਤੇ ਟਰੈਜ਼ਰੀ ਬੋਰਡ ਦੀਆਂ ਸਾਰੀਆਂ ਸਬਮਿਸ਼ਨਜ਼ ਵਿਚ ਜੀ ਬੀ ਏ+ `ਤੇ ਵਿਚਾਰ ਕਰਨਾ ਜ਼ਰੂਰੀ ਹੈ।<br>➢ ਲਾਗੂ ਕਰਨ ਵਿਚ ਮਦਦ ਲਈ ਵਿਸ਼ੇਸ਼ ਟਰੇਨਿੰਗ ਕੋਰਸ ਵਿਕਸਿਤ ਕੀਤੇ। |

| ਐਕਸ਼ਨ | ਮਨਿਸਟਰੀ | ਹੁਣ ਤੱਕ ਦੀ ਤਰੱਕੀ |
|---|---|---|
| **1.2** ਸਟਾਫ਼ ਨੂੰ ਜਾਗਰੂਕਤਾ ਵਧਾਉਣ ਵਾਲੇ ਸਮਾਗਮਾਂ ਵਿਚ ਹਿੱਸਾ ਲੈਣ ਲਈ ਉਤਸ਼ਾਹ ਦੇਣਾ, ਜਿਸ ਵਿਚ ਐਕਸੈਸੇਬਿਲਟੀ ਹਫਤਾ (ਮਈ/ਜੂਨ) ਡਿਸਏਬਿਲਟੀ ਰੁਜ਼ਗਾਰ ਜਾਗਰੂਕਤਾ ਮਹੀਨਾ (ਸਤੰਬਰ), ਰਜਿਸਟਰਡ ਡਿਸਏਬਿਲਟੀ ਸੇਵਿੰਗਜ਼ ਪਲੈਨ ਜਾਗਰੂਕਤਾ ਮਹੀਨਾ (ਅਕਤੂਬਰ), ਇਨਡਿਜਨੈੱਸ ਡਿਸਏਬਿਲਟੀ ਜਾਗਰੂਕਤਾ ਮਹੀਨਾ (ਨਵੰਬਰ) ਅਤੇ ਡਿਸਏਬਲ ਵਿਅਕਤੀਆਂ ਦਾ ਅੰਤਰਰਾਸ਼ਟਰੀ ਦਿਵਸ (3 ਦਸੰਬਰ) ਸ਼ਾਮਲ ਹਨ।<br>**ਜਾਰੀ** | **ਪਬਲਿਕ ਸਰਵਿਸ ਏਜੰਸੀ** | ➢ 1,600 ਤੋਂ ਵੱਧ ਪਬਲਿਕ ਸਰਵਿਸ ਦੇ ਮੁਲਾਜ਼ਮਾਂ ਲਈ ਡਿਸਏਬਿਲਟੀ ਬਾਰੇ ਪਹੁੰਚਯੋਗ ਪੇਸ਼ਕਾਰੀਆਂ ਅਤੇ ਸਮਾਗਮ ਕਰਵਾਉਣ ਵਿਚ ਮਦਦ ਕੀਤੀ।<br>➢ ਜਾਗਰੂਕਤਾ ਵਧਾਉਣ ਲਈ ਢੁਕਵੇਂ ਆਰਟੀਕਲ ਪ੍ਰਕਾਸ਼ਿਤ ਕੀਤੇ। |
| **1.3** ਪਬਲਿਕ ਸਰਵਿਸ ਏਜੰਸੀ ਅਤੇ ਏਜੰਸੀ ਦੇ ਪ੍ਰਤੀਨਿਧੀਆਂ ਲਈ ਜਾਗਰੂਕਤਾ ਪੈਦਾ ਕਰਨ, ਪਹੁੰਚਯੋਗਤਾ ਦੇ ਸੱਭਿਆਚਾਰ ਨੂੰ ਉਤਸ਼ਾਹ ਦੇਣ ਅਤੇ ਜ਼ਿਆਦਾ ਪਹੁੰਚਯੋਗ ਸੇਵਾਵਾਂ ਪ੍ਰਦਾਨ ਕਰਨ ਦੀ ਸਮਰੱਥਾ ਵਧਾਉਣ ਲਈ ਇਕ ਪਹੁੰਚਯੋਗ ਹੋਣ ਦੀ ਯੋਜਨਾ ਤਿਆਰ ਕਰਨਾ।<br>**ਜਾਰੀ** | **ਪਬਲਿਕ ਸਰਵਿਸ ਏਜੰਸੀ** | ➢ ਜਿੱਥੇ ਅਸੀਂ ਸਾਰੇ ਸੰਬੰਧਿਤ ਹਾਂ ਨਾਂ ਦੀ ਕਾਰਪੋਰੇਟ ਨਿਰਪੱਖਤਾ, ਵੰਨ-ਸੁਵੰਨਤਾ ਅਤੇ ਸ਼ਮੂਲੀਅਤ ਦੀ ਯੋਜਨਾ ਨਵਿਆਉਣ `ਤੇ ਕੰਮ ਸ਼ੁਰੂ ਕੀਤਾ, ਜਿਸ ਵਿਚ ਪਹੁੰਚਯੋਗਤਾ ਨੂੰ ਉਤਸ਼ਾਹਿਤ ਕਰਨ ਅਤੇ ਸਮਰੱਥਾ ਵਧਾਉਣ ਦੇ ਉਦੇਸ਼ ਨਾਲ ਪਹੁੰਚਯੋਗਤਾ ਦੇ ਉੱਦਮ ਸ਼ਾਮਲ ਹੋਣਗੇ। |

| ਐਕਸ਼ਨ | ਮਨਿਸਟਰੀ | ਹੁਣ ਤੱਕ ਦੀ ਤਰੱਕੀ |
|---|---|---|
| **1.4** ਇਮਪਲੌਈ ਐਕਸੈਸੇਬਿਲਟੀ ਐਡਵਾਈਜ਼ਰੀ ਕੌਂਸਲ ਅਤੇ ਐਕਸੈਸੇਬਿਲਟੀ ਕਮਿਊਨਟੀ ਔਫ ਪ੍ਰੈਕਟਿਸ ਰਾਹੀਂ ਜਨਤਕ ਸਰਵਿਸ ਵਿਚ ਪਹੁੰਚਯੋਗਤਾ ਦੀ ਲੀਡਰਸ਼ਿਪ ਦੀ ਮਦਦ ਕੀਤੀ। ਇਨ੍ਹਾਂ ਗਰੁੱਪਾਂ ਦੇ ਮੈਂਬਰਾਂ ਵਿਚ ਅਜਿਹੇ ਜਨਤਕ ਮੁਲਾਜ਼ਮ ਸ਼ਾਮਲ ਹਨ ਜੋ ਪਹੁੰਚਯੋਗਤਾ ਅਤੇ ਸ਼ਮੂਲੀਅਤ ਲਈ ਬਿਹਤਰ ਅਮਲਾਂ ਬਾਰੇ ਜਾਣਕਾਰੀ ਲੈਂਦੇ ਰਹਿਣ ਵਿਚ ਦਿਲਚਸਪੀ ਰੱਖਦੇ ਹਨ।<br>**ਮੁਕੰਮਲ** | **ਪਬਲਿਕ ਸਰਵਿਸ ਏਜੰਸੀ** | ➢ ਇਮਪਲੌਈ ਐਕਸੈਸੇਬਿਲਟੀ ਐਡਵਾਈਜ਼ਰੀ ਕੌਂਸਲ ਦੀ ਮਦਦ ਕੀਤੀ, ਜਿਸ ਵਿਚ 14 ਮਨਿਸਟਰੀਆਂ ਦੇ 40 ਪ੍ਰਤੀਨਿਧੀ ਸ਼ਾਮਲ ਹਨ।<br>➢ ਪਹੁੰਚਯੋਗਤਾ ਦੇ ਦੁਆਲੇ ਲੀਡਰਸ਼ਿਪ ਅਤੇ ਸਿੱਖਿਆ ਦੀ ਹਿਮਾਇਤ ਕਰਨ ਲਈ ਹਰ ਸਾਲ ਕਈ ਸਮਾਗਮਾਂ ਦਾ ਤਾਲਮੇਲ ਕਰਨ ਅਤੇ ਸਮਾਗਮ ਕਰਵਾਉਣ ਵਿਚ ਮਦਦ ਕੀਤੀ। |

## ਤਰਜੀਹ 2: ਜਾਣਕਾਰੀ ਅਤੇ ਸੰਚਾਰ

| ਐਕਸ਼ਨ | ਮਨਿਸਟਰੀ | ਹੁਣ ਤੱਕ ਦੀ ਤਰੱਕੀ |
|---|---|---|
| **2.1(ੲ)** ਨਿਆਂ ਦੀਆਂ ਸੇਵਾਵਾਂ ਲਈ ਵਰਚੂਅਲ ਸਰਵਿਸ ਦੀਆਂ ਪੇਸ਼ਕਸ਼ਾਂ ਦੀ ਗਿਣਤੀ ਵਧਾਉਣਾ।<br>**ਜਾਰੀ** | **ਮਨਿਸਟਰੀ ਔਫ ਅਟੌਰਨੀ ਜਨਰਲ** | ➢ ਸਰਵਿਸ ਦੇਣ ਨੂੰ ਵਿਕਸਿਤ ਕਰਨ ਅਤੇ ਸੁਧਾਰਨ ਲਈ ਖੋਜ ਵਿਚ ਵਰਤੋਂ ਕਰਨ ਵਾਲਿਆਂ ਲਈ ਸਭ ਨੂੰ ਸ਼ਾਮਲ ਕਰਨ ਵਾਲੀ ਅਤੇ ਪਹੁੰਚਯੋਗ ਸ਼ਮੂਲੀਅਤ ਨੂੰ ਉਤਸ਼ਾਹ ਦਿੰਦਾ ਹੈ।<br>➢ ਵਰਚੂਅਲ ਸਰਵਿਸ ਦੀਆਂ ਕਈ ਚੋਣਾਂ ਨੂੰ ਅੱਗੇ ਵਧਾਇਆ ਅਤੇ ਲਾਗੂ ਕੀਤਾ। |

| ਐਕਸ਼ਨ | ਮਨਿਸਟਰੀ | ਹੁਣ ਤੱਕ ਦੀ ਤਰੱਕੀ |
|---|---|---|
| **2.1(ਬੀ)** ਕਿਰਾਏਦਾਰਾਂ ਅਤੇ ਮਕਾਨ ਮਾਲਕਾਂ ਵਿਚਕਾਰ ਰਿਹਾਇਸ਼ੀ ਵਿਵਾਦ ਹੱਲ ਕਰਨ ਦੀਆਂ ਸੇਵਾਵਾਂ ਲਈ ਪੂਰੀ ਤਰ੍ਹਾਂ ਡਿਜੀਟਲ ਇਨਟੇਕ ਦੀ ਸਿਰਜਣਾ।<br><br>**ਮੁਕੰਮਲ** | **ਮਨਿਸਟਰੀ ਔਫ ਹਾਊਸਿੰਗ** | ➢ ਵਰਚੁਅਲ ਡਿਸਪਿਊਟ ਮੈਨੇਜਮੈਂਟ ਸਿਸਟਮ ਮਾਰਚ 2023 ਵਿਚ ਸ਼ੁਰੂ ਕੀਤਾ ਗਿਆ ਸੀ।<br>➢ ਰੈਜ਼ੀਡੈਂਸ਼ਲ ਟੈਨੇਂਸੀ ਬਰਾਂਚ ਨੇ ਵਿਵਾਦਾਂ ਦੇ ਹੱਲ ਦੇ ਅਮਲ ਨੂੰ ਜ਼ਿਆਦਾ ਪਹੁੰਚਯੋਗ ਬਣਾਉਣ ਵਿਚ ਮਦਦ ਕਰਨ ਲਈ 2023 ਵਿਚ 200 ਤੋਂ ਵੱਧ ਬੋਲੀਆਂ ਵਿਚ ਦੋਭਾਸ਼ੀਆਂ ਦੀਆਂ ਸੇਵਾਵਾਂ ਸ਼ੁਰੂ ਕੀਤੀਆਂ।<br>➢ ਮਨਿਸਟਰੀ ਔਫ ਸਿਟੀਜ਼ਨਜ਼ ਸਰਵਿਸਿਜ਼ ਦੀ ਮਦਦ ਨਾਲ, ਰੈਜ਼ੀਡੈਂਸ਼ਲ ਟੈਨੇਂਸੀ ਬਰਾਂਚ ਨੇ 2023 ਵਿਚ ਵੈੱਬਸਾਈਟ ਉੱਪਰਲੀ ਆਪਣੀ ਸਾਮੱਗਰੀ ਨੂੰ ਸੋਧਿਆ ਤਾਂ ਜੋ ਇਹ ਸਾਰੀਆਂ ਧਿਰਾਂ ਲਈ ਜ਼ਿਆਦਾ ਸੌਖੀ ਭਾਸ਼ਾ ਵਾਲੀ ਅਤੇ ਪਹੁੰਚਯੋਗ ਹੋਵੇ। |
| **2.2** ਸਾਲ 2027 ਤੱਕ ਸੂਬੇ ਦੇ ਸਾਰੇ ਬਾਕੀ ਪੇਂਡੂ ਘਰਾਂ ਨੂੰ ਹਾਈ-ਸਪੀਡ ਇੰਟਰਨੈੱਟ ਨਾਲ ਜੋੜਨ ਲਈ ਕੈਨੇਡਾ ਸਰਕਾਰ ਨਾਲ ਫੰਡਾਂ ਦੀ ਭਾਈਵਾਲੀ ਕੀਤੀ।<br><br>**ਜਾਰੀ** | **ਮਨਿਸਟਰੀ ਔਫ ਸਿਟੀਜ਼ਨਜ਼ ਸਰਵਿਸਿਜ਼** | ➢ ਬੀ.ਸੀ. ਅਤੇ ਕੈਨੇਡਾ ਵਿਚਕਾਰ $830 ਮਿਲੀਅਨ ਦਾ ਸਾਂਝਾ ਫੰਡਿੰਗ ਸਮਝੌਤਾ, ਸੂਬੇ ਵਿਚ ਘੱਟ ਸਰਵਿਸ ਵਾਲੇ ਬਾਕੀ ਬਚੇ ਘਰਾਂ ਨੂੰ ਹਾਈ-ਸਪੀਡ ਇੰਟਰਨੈੱਟ ਸੇਵਾਵਾਂ ਨਾਲ ਜੋੜਨ ਵਿਚ ਮਦਦ ਕਰਦਾ ਹੈ।<br>➢ ਸਾਲ 2017 ਤੋਂ, 208 ਕਨੈਕਟੀਵਿਟੀ ਪ੍ਰੋਜੈਕਟਾਂ ਨੂੰ ਅੰਸ਼ਕ ਤੌਰ 'ਤੇ ਸੂਬੇ ਵਲੋਂ ਫੰਡ ਦਿੱਤੇ ਗਏ ਹਨ।<br>➢ ਸਾਲ 2023 ਵਿਚ ਐਲਾਨੇ ਗਏ ਵਾਧੂ $75 ਮਿਲੀਅਨ 550 ਕਿਲੋਮੀਟਰ ਹਾਈਵੇ ਦੇ ਨਾਲ-ਨਾਲ ਸੈਲੂਲਰ ਸੇਵਾਵਾਂ ਦੇ ਵਾਧੇ ਵਿਚ ਮਦਦ ਕਰਨਗੇ। |

| ਐਕਸ਼ਨ | ਮਨਿਸਟਰੀ | ਹੁਣ ਤੱਕ ਦੀ ਤਰੱਕੀ |
| --- | --- | --- |
| **2.3** ਸਰਕਾਰੀ ਔਨਲਾਈਨ ਜਨਤਕ ਸੇਵਾਵਾਂ ਅਤੇ ਵੈੱਬ ਪੇਜਾਂ ਨੂੰ ਦੁਬਾਰਾ ਡਿਜ਼ਾਈਨ ਕਰਨਾ ਤਾਂ ਜੋ ਉਨ੍ਹਾਂ ਨੂੰ ਜ਼ਿਆਦਾ ਸੁਚਾਰੂ ਅਤੇ ਪਹੁੰਚਯੋਗ ਬਣਾਇਆ ਜਾ ਸਕੇ। ਇਹ ਯਕੀਨੀ ਬਣਾਉਣਾ ਕਿ ਸਰਕਾਰੀ ਵੈੱਬਸਾਈਟਸ ਵੈੱਬ ਕਨਟੈਂਟ ਐਕਸੈਸੇਬਿਲਟੀ ਗਾਈਡਲਾਈਨਜ਼, ਲੈਵਲ ਏ ਏ ਦੀ ਪਾਲਣਾ ਕਰਦੇ ਹਨ।<br><br>**ਜਾਰੀ** | **ਮਨਿਸਟਰੀ ਔਫ ਸਿਟੀਜ਼ਨਜ਼ ਸਰਵਿਸਿਜ਼** | ➢ ਬਿਹਤਰ ਪਹੁੰਚਯੋਗਤਾ, ਵਰਤੋਂਕਾਰਾਂ ਦੇ ਬਿਹਤਰ ਅਨੁਭਵ ਅਤੇ ਮੋਬਾਇਲ ਦਾ ਵੱਧ ਤੋਂ ਵੱਧ ਫਾਇਦੇ ਵਾਲਾ ਇਕ ਨਵਾਂ ਵੈੱਬਸਾਈਟ ਤਿਆਰ ਕੀਤਾ।<br>➢ ਬਿਹਤਰ ਪਹੁੰਚਯੋਗਤਾ, ਵਰਤੋਂਕਾਰਾਂ ਦੇ ਬਿਹਤਰ ਅਨੁਭਵ ਅਤੇ ਮੋਬਾਇਲ ਦੇ ਵੱਧ ਤੋਂ ਵੱਧ ਫਾਇਦੇ ਵਾਲਾ ਐਮਰਜੰਸੀ ਬਾਰੇ ਜਾਣਕਾਰੀ ਦੇਣ ਵਾਲਾ ਇਕ ਨਵਾਂ ਵੈੱਬਸਾਈਟ ਤਿਆਰ ਕਰਨ ਵਿਚ ਮਦਦ ਕੀਤੀ।<br>➢ ਇਸ ਵੇਲੇ ਸਾਰੀਆਂ ਮਨਿਸਟਰੀਆਂ ਲਈ ਵੈੱਬਸਾਈਟ ਦੇ ਪਹੁੰਚਯੋਗ ਫੀਚਰਾਂ ਅਤੇ ਸਾਮੱਗਰੀ ਦੀ ਤਿਆਰੀ ਵਿਚ ਮਦਦ ਕਰਨ ਲਈ ਵੈੱਬ ਐਕਸੈਸੇਬਿਲਟੀ ਰੋਡਮੈਪ ਤਿਆਰ ਕੀਤਾ ਜਾ ਰਿਹਾ ਹੈ। |
| **2.4** ਬੀ.ਸੀ. ਦੇ ਵਾਸੀਆਂ ਲਈ ਸਰਕਾਰੀ ਸੇਵਾਵਾਂ ਤੱਕ ਪਹੁੰਚ ਪ੍ਰਦਾਨ ਕਰਨ ਵਾਲੇ ਬੀ.ਸੀ. ਸਰਵਿਸਿਜ਼ ਕਾਰਡ ਦੀ ਪਛਾਣ ਦੀ ਤਸਦੀਕ ਵਿਚ ਰੁਕਾਵਟਾਂ ਨੂੰ ਹਟਾਉਣਾ।<br><br>**ਜਾਰੀ** | **ਮਨਿਸਟਰੀ ਔਫ ਸਿਟੀਜ਼ਨਜ਼ ਸਰਵਿਸਿਜ਼** | ➢ ਵਰਤੋਂ ਕਰਨ ਵਾਲਿਆਂ ਨੂੰ ਬੀ.ਸੀ. ਸਰਵਿਸਿਜ਼ ਕਾਰਡ ਦੀ ਐਪਲੀਕੇਸ਼ਨ ਦਾ ਸਮਰਥਨ ਕਰਨ ਵਾਲੇ ਮੋਬਾਈਲ ਡਿਵਾਈਸ ਦੀ ਵਰਤੋਂ ਤੋਂ ਬਿਨਾਂ ਔਨਲਾਈਨ ਸੇਵਾਵਾਂ ਤੱਕ ਪਹੁੰਚ ਕਰਨ ਦੀ ਆਗਿਆ ਦੇਣ ਲਈ ਬੀ ਸੀ ਟੋਕਨ ਸ਼ੁਰੂ ਕੀਤਾ।<br>➢ ਉਨ੍ਹਾਂ ਵਿਅਕਤੀਆਂ ਦੀ ਮਦਦ ਕਰਨ ਲਈ ਇਕ ਨਵਾਂ ਫੀਚਰ ਸ਼ੁਰੂ ਕੀਤਾ ਜਿਹੜੇ ਜ਼ਰੂਰੀ ਸੇਵਾਵਾਂ ਤੱਕ ਪਹੁੰਚ ਕਰਨ ਲਈ ਇਸ ਵੇਲੇ ਬੀ.ਸੀ. ਸਰਵਿਸਿਜ਼ ਕਾਰਡ ਲਈ ਯੋਗ ਨਹੀਂ ਹਨ।<br>➢ ਦੋ ਮੂਲਵਾਸੀ ਪਛਾਣ ਕਾਰਡਾਂ ਨੂੰ ਸ਼ਾਮਲ ਕਰਨ ਲਈ ਦੂਜੀਆਂ ਆਈ ਡੀਜ਼ ਦੀ ਪ੍ਰਵਾਨਿਤ ਲਿਸਟ ਵਿਚ ਵਾਧਾ ਕੀਤਾ। |

| ਐਕਸ਼ਨ | ਮਨਿਸਟਰੀ | ਹੁਣ ਤੱਕ ਦੀ ਤਰੱਕੀ |
|---|---|---|
| **2.5** ਬੀ ਸੀ ਦੇ ਪਾਰਕਾਂ ਬਾਰੇ ਜਨਤਕ ਜਾਣਕਾਰੀ ਦੀ ਪਹੁੰਚਯੋਗਤਾ ਵਿਚ ਸੁਧਾਰ ਕਰਨਾ, ਜਿਸ ਵਿਚ ਸਾਮੱਗਰੀ ਨੂੰ ਸੌਖੀ ਬੋਲੀ ਵਿਚ ਦੁਬਾਰਾ ਫਾਰਮੈਟ ਕਰਨਾ ਅਤੇ ਅੱਪਡੇਟ ਕਰਨਾ ਸ਼ਾਮਲ ਹੈ।<br><br>**ਜਾਰੀ** | **ਮਨਿਸਟਰੀ ਔਫ ਇਨਵਾਇਰਮੈਂਟ ਐਂਡ ਕਲਾਈਮੇਟ ਚੇਂਜ ਸਟਰੈਟਜੀ** | ➢ ਬੀਸੀ ਪਾਰਕਾਂ ਲਈ ਨਵੀਂਆਂ ਵੈੱਬਸਾਈਟ ਗਾਈਡਲਾਈਨਾਂ ਤਿਆਰ ਕਰਕੇ ਅਤੇ ਨਵੇਂ ਮਿਆਰਾਂ ਦੀ ਪਾਲਣਾ ਕਰਨ ਲਈ bcparks.ca `ਤੇ ਮੌਜੂਦਾ ਸਾਮੱਗਰੀ ਨੂੰ ਅੱਪਡੇਟ ਕਰਕੇ ਵੈੱਬਸਾਈਟ ਦੀ ਪਹੁੰਚਯੋਗਤਾ ਵਿਚ ਸੁਧਾਰ ਕੀਤਾ।<br>➢ ਲੋਕਾਂ ਲਈ ਜਾਣਕਾਰੀ ਤੱਕ ਪਹੁੰਚ ਕਰਨ ਦੇ ਤਰੀਕਿਆਂ ਵਿਚ ਵਾਧਾ ਕੀਤਾ। |
| **2.6** ਡਿਸਏਬਿਲਟੀ ਵਾਲੇ ਲੋਕਾਂ ਦੀਆਂ ਲੋੜਾਂ 'ਤੇ ਵਿਚਾਰ ਕਰਨ ਲਈ ਐਮਰਜੈਂਸੀ ਪਲੈਨਾਂ ਦੇ ਡਿਜ਼ਾਈਨ ਨੂੰ ਬਿਹਤਰ ਬਣਾਉਣ ਲਈ ਫਸਟ ਨੇਸ਼ਨਜ਼ ਅਤੇ ਸਥਾਨਕ ਸਰਕਾਰਾਂ ਨਾਲ ਕੰਮ ਕਰਨਾ।<br><br>**ਜਾਰੀ** | **ਮਨਿਸਟਰੀ ਔਫ ਐਮਰਜੰਸੀ ਮੈਨੇਜਮੈਂਟ ਐਂਡ ਕਲਾਈਮੇਟ ਰੈਡੀਨੈੱਸ** | ➢ ਐਮਰਜੈਂਸੀ ਸਹਾਇਤਾ ਸੇਵਾਵਾਂ ਲਈ ਪ੍ਰੋਗਰਾਮ ਗਾਈਡ ਨੂੰ ਅੱਪਡੇਟ ਕੀਤਾ ਤਾਂ ਜੋ ਖਤਰੇ ਤੋਂ ਬਾਹਰ ਕੱਢੇ ਜਾਣ ਵਾਲੇ ਕਮਜ਼ੋਰ ਵਿਅਕਤੀਆਂ `ਤੇ ਇਕ ਭਾਗ ਸ਼ਾਮਲ ਕੀਤਾ ਜਾ ਸਕੇ।<br>➢ ਉਨ੍ਹਾਂ ਵਿਅਕਤੀਆਂ ਲਈ ਐਮਰਜੈਂਸੀ ਸਰਵਿਸ ਦੀਆਂ ਲੋੜਾਂ ਦਾ ਮੁਲਾਂਕਣ ਕਰਨ ਲਈ ਇਕ ਸਰਵੇਖਣ ਤਿਆਰ ਕੀਤਾ ਜਿਨ੍ਹਾਂ ਨੇ ਆਪਣੇ ਆਪ ਨੂੰ ਡਿਸਏਬਿਲਟੀ ਵਾਲੇ ਦੱਸਿਆ ਸੀ। |
| **2.7** ਸਥਾਨਕ ਸਰਕਾਰਾਂ ਦੇ ਜਨਤਕ ਨੋਟਿਸਾਂ ਲਈ ਮੰਗਾਂ ਨੂੰ ਆਧੁਨਿਕ ਬਣਾਉਣਾ ਤਾਂ ਜੋ ਉਹ ਆਪਣੇ ਭਾਈਚਾਰਿਆਂ ਵਿਚ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚ ਸਕਣ।<br><br>**ਮੁਕੰਮਲ** | **ਮਨਿਸਟਰੀ ਔਫ ਮਿਊਨਿਸਪਲ ਅਫੇਅਰਜ਼** | ➢ ਸਥਾਨਕ ਸਰਕਾਰ ਦੇ ਜਨਤਕ ਨੋਟਿਸ ਦੀਆਂ ਮੰਗਾਂ ਵਿਚ ਸੋਧਾਂ 2022 ਵਿਚ ਲਾਗੂ ਕੀਤੀਆਂ ਗਈਆਂ।<br>➢ ਬਹੁਤ ਸਾਰੀਆਂ ਸਥਾਨਕ ਸਰਕਾਰਾਂ ਨੇ ਜ਼ਿਆਦਾ ਲੋਕਾਂ ਤੱਕ ਪਹੁੰਚਣ ਲਈ ਇਕ ਜਨਤਕ ਨੋਟਿਸ ਬਾਈਲਾਅ ਅਪਣਾਇਆ ਹੈ। |

| ਐਕਸ਼ਨ | ਮਨਿਸਟਰੀ | ਹੁਣ ਤੱਕ ਦੀ ਤਰੱਕੀ |
|---|---|---|
| **2.8** ਉਪਲਬਧ ਗਿਣਤੀ ਅਤੇ ਰੂਪਾਂ ਨੂੰ ਵਧਾ ਕੇ ਪਬਲਿਕ ਲਾਇਬ੍ਰੇਰੀਆਂ ਦੇ ਸੰਗ੍ਰਹਿ ਦੇ ਵਾਧੇ ਦੀ ਮਦਦ ਕਰਨਾ ਅਤੇ ਲਾਇਬ੍ਰੇਰੀਆਂ ਤੱਕ ਪਹੁੰਚ ਨੂੰ ਬਿਹਤਰ ਬਣਾਉਣ ਦੇ ਮੌਕਿਆਂ ਦੀ ਭਾਲ ਕਰਨਾ।<br>**ਜਾਰੀ** | **ਮਨਿਸਟਰੀ ਔਫ ਮਿਊਨਿਸਪਲ ਅਫੇਅਰਜ਼** | ➢ ਸਾਲ 2020 ਅਤੇ 2022 ਵਿਚ ਵਿਉਂਤਬੱਧ ਨਿਵੇਸ਼ਾਂ ਦੇ ਨਤੀਜੇ ਵਜੋਂ ਪਬਲਿਕ ਲਾਇਬ੍ਰੇਰੀਆਂ ਰਾਹੀਂ ਪਹੁੰਚਯੋਗ ਟਾਈਟਲਾਂ ਵਿਚ 10% ਦਾ ਵਾਧਾ ਹੋਇਆ ਹੈ ਅਤੇ ਬਦਲਵੇਂ ਫੌਰਮੈਟ ਵਾਲੀ ਸਾਮੱਗਰੀ ਕਢਾਉਣ ਵਿਚ ਵਾਧਾ ਹੋਇਆ ਹੈ।<br>➢ ਪਬਲਿਕ ਲਾਇਬ੍ਰੇਰੀਆਂ ਦੇ 52 ਵੈੱਬਸਾਈਟਾਂ ਅਤੇ ਬੀ ਸੀ ਸਮਰ ਰੀਡਿੰਗ ਕਲੱਬ ਸਾਈਟ ਦਾ ਔਡਿਟ ਕੀਤਾ ਗਿਆ ਅਤੇ ਉਨ੍ਹਾਂ ਨੂੰ ਵਧੇਰੇ ਪਹੁੰਚਯੋਗ ਬਣਾਉਣ ਲਈ ਨਵਿਆਇਆ ਗਿਆ। |
| **2.9** ਇਨਕਮ ਅਤੇ ਡਿਸਏਬਿਲਟੀ ਅਸਿਸਟੈਂਸ ਲੈ ਰਹੇ ਲੋਕਾਂ ਵਲੋਂ ਵਰਤੇ ਜਾਂਦੇ ਔਨਲਾਈਨ ਮਾਈ ਸੈਲਫ ਸਰਵ ਪੋਰਟਲ ਦੀ ਪਹੁੰਚਯੋਗਤਾ ਵਿਚ ਸੁਧਾਰ ਕਰਨਾ।<br>**ਜਾਰੀ** | **ਮਨਿਸਟਰੀ ਔਫ ਸੋਸ਼ਲ ਡਿਵੈਲਪਮੈਂਟ ਐਂਡ ਪੌਵਰਟੀ ਰਿਡਕਸ਼ਨ** | ➢ ਲੈਣ ਵਾਲਿਆਂ ਨੂੰ ਨਵੀਂ ਜਾਣਕਾਰੀ ਨਾਲ ਜੋੜਨ ਜਾਂ ਪਿਛਲੀ ਡੈਕਲਾਰੇਸ਼ਨ ਨੂੰ ਠੀਕ ਕਰਨ ਦੀ ਆਗਿਆ ਦੇਣ ਲਈ ਸਿਸਟਮ ਨੂੰ ਅੱਪਡੇਟ ਕੀਤਾ ਅਤੇ ਉਨ੍ਹਾਂ ਲਈ ਮਾਸਿਕ ਰਿਪੋਰਟ ਦੀ ਲੋੜ ਨੂੰ ਬਦਲਿਆ ਜੋ ਪਰਸਨਜ਼ ਵਿਦ ਪਰਸਿਸਟੈਂਟ ਮਲਟੀਪਲ ਬੈਰੀਅਰਜ਼ (ਪੀ ਪੀ ਐੱਮ ਬੀ) ਲਈ ਯੋਗ ਹਨ ਅਤੇ/ਜਾਂ ਉਹ ਜੋ ਕਿਸੇ ਸਪੈਸ਼ਲ ਕੇਅਰ ਫਾਸਿਲਟੀ ਵਿਚ ਹਨ।<br>➢ ਪਹੁੰਚਯੋਗਤਾ ਵਿਚ ਸੁਧਾਰ ਕਰਨ ਲਈ ਮਨਿਸਟਰੀ ਦੇ ਦਫ਼ਤਰਾਂ ਦੇ ਗਾਹਕ ਖੇਤਰਾਂ ਵਿਚ ਸਥਿਤ ਕੀਔਸਕਿਸ ਨੂੰ ਅਪਗਰੇਡ ਕੀਤਾ।<br>➢ ਬੀ.ਸੀ. ਦੇ ਰੁਜ਼ਗਾਰ ਵਾਲੇ ਕਲਾਇੰਟਾਂ ਲਈ ਵਰਕਸੇਫ ਬੀ ਸੀ ਦੀਆਂ ਰੁਜ਼ਗਾਰ ਦੀਆਂ ਔਨਲਾਈਨ ਸੇਵਾਵਾਂ ਤੱਕ ਪਹੁੰਚ ਲਈ ਰਜਿਸਟਰੇਸ਼ਨ ਦੇ ਕੰਮ ਨੂੰ ਸੁਚਾਰੂ ਬਣਾਇਆ। |

# ਤਰਜੀਹ 3: ਇਮਾਰਤਾਂ ਦਾ ਬੁਨਿਆਦੀ ਢਾਂਚਾ ਅਤੇ ਜਨਤਕ ਥਾਂ

| ਐਕਸ਼ਨ | ਮਨਿਸਟਰੀ | ਹੁਣ ਤੱਕ ਦੀ ਤਰੱਕੀ |
|---|---|---|
| **3.1** ਕੋਰਟਹਾਊਸਾਂ ਦੀ ਪਹੁੰਚਯੋਗਤਾ ਲਈ ਸੋਧਾਂ ਕਰਨਾ ਅਤੇ ਵਧਾਉਣਾ ਜਾਰੀ ਰੱਖਣਾ।<br>**ਜਾਰੀ** | **ਮਨਿਸਟਰੀ ਔਫ ਅਟੌਰਨੀ ਜਨਰਲ** | ➢ ਕਰੇਨਬਰੁੱਕ ਰਜਿਸਟਰੀ ਕਾਊਂਟਰ ਅਤੇ ਵਰਨਨ ਲਾਅ ਕੋਰਟਸ ਵਿਚ ਬੁਨਿਆਦੀ ਢਾਂਚੇ ਦੀ ਪਹੁੰਚਯੋਗਤਾ ਵਿਚ ਸੁਧਾਰ ਕੀਤਾ।<br>➢ ਸੂਬੇ ਭਰ ਵਿਚ ਕਈ ਹੋਰ ਕੋਰਟਹਾਊਸਾਂ ਵਿਚ ਪਹੁੰਚਯੋਗਤਾ ਵਧਾਉਣ ਦੇ ਪ੍ਰੋਜੈਕਟ ਚੱਲ ਰਹੇ ਹਨ। |
| **3.2** ਸਰਕਾਰੀ ਥਾਵਾਂ ਦੀ ਪਹੁੰਚਯੋਗਤਾ ਨੂੰ ਵਧਾਉਣ ਲਈ ਨਿਵੇਸ਼ਾਂ ਦੀ ਪਛਾਣ ਕਰਨਾ, ਤਰਜੀਹ ਦੇਣਾ, ਪਲੈਨ ਬਣਾਉਣਾ ਅਤੇ ਲਾਗੂ ਕਰਨਾ।<br>**ਜਾਰੀ** | **ਮਨਿਸਟਰੀ ਔਫ ਸਿਟੀਜ਼ਨਜ਼ ਸਰਵਿਸਿਜ਼** | ➢ ਸਾਲ 2022-23 ਵਿਚ ਸਰਕਾਰੀ ਸਹੂਲਤਾਂ ਵਿਚ $200 ਮਿਲੀਅਨ ਤੋਂ ਵੱਧ ਦੇ ਵਿਉਂਤਬੱਧ ਨਿਵੇਸ਼ ਕੀਤੇ ਗਏ।<br>➢ ਸਾਲ 2022-23 ਵਿਚ ਖ਼ਾਸ ਤੌਰ 'ਤੇ ਐਮਰਜੈਂਸੀ ਦੇ ਸਿਸਟਮਾਂ, ਵਾਸ਼ਰੂਮਾਂ, ਸਾਈਨਾਂ ਅਤੇ ਰਸਤਾ ਲੱਭਣ ਨਾਲ ਸੰਬੰਧਿਤ ਪਹੁੰਚਯੋਗਤਾ ਲਈ ਸੁਧਾਰਾਂ ਵਿਚ $17 ਮਿਲੀਅਨ ਦਾ ਨਿਵੇਸ਼ ਕੀਤਾ ਗਿਆ।<br>➢ ਸਾਲ 2023-24 ਵਿਚ, ਇਨ੍ਹਾਂ ਹੀ ਤਰਜੀਹੀ ਖੇਤਰਾਂ ਵਿਚ ਪਹੁੰਚਯੋਗਤਾ ਦੇ ਸੁਧਾਰਾਂ ਲਈ ਤਕਰੀਬਨ $4.6 ਮਿਲੀਅਨ ਦਾ ਨਿਵੇਸ਼ ਕੀਤਾ ਗਿਆ। |
| **3.3** ਸਾਰੇ ਫਰੰਟ ਕੰਟਰੀ ਪਾਰਕਾਂ ਵਿਚ ਪਹੁੰਚਯੋਗਤਾ ਅੱਪਗ੍ਰੇਡ 'ਤੇ ਕੰਮ ਕਰਨਾ ਅਤੇ ਸਹਾਇਤਾ ਕਰਨ ਵਾਲਾ ਸਾਜ਼-ਸਾਮਾਨ (ਅਡੈਪਟਿਵ ਇਕੁਇਪਮੈਂਟ) ਖਰੀਦਣ ਲਈ ਭਾਈਚਾਰਕ ਗਰੁੱਪਾਂ ਨਾਲ ਭਾਈਵਾਲੀ ਕਰਨਾ।<br>**ਜਾਰੀ** | **ਮਨਿਸਟਰੀ ਔਫ ਇਨਵਾਇਰਮੈਂਟ ਐਂਡ ਕਲਾਈਮੇਟ ਚੇਂਜ ਸਟਰੈਟਜੀ** | ➢ ਫਰੰਟਕੰਟਰੀ ਕੈਂਪਗਰਾਊਂਡਾਂ ਅਤੇ ਦਿਨ ਵੇਲੇ ਵਰਤੋਂ ਵਾਲੇ ਖੇਤਰਾਂ ਵਿਚ ਪਹੁੰਚਯੋਗਤਾ ਨੂੰ ਸੁਧਾਰਨ ਲਈ ਲਗਾਤਾਰ ਨਿਵੇਸ਼ ਕੀਤਾ, ਜਿਸ ਵਿਚ ਬੁਨਿਆਦੀ ਢਾਂਚਾ, ਵਾਸ਼ਰੂਮ, ਅਤੇ ਟਰੇਲਾਂ ਸ਼ਾਮਲ ਹਨ।<br>➢ ਅੱਗੇ ਤੋਂ ਸਥਾਨਾਂ 'ਤੇ ਪੂਰੀ ਪਹੁੰਚਯੋਗਤਾ ਨੂੰ ਯਕੀਨੀ ਬਣਾਉਣ ਲਈ ਸਹੂਲਤ ਦੇ ਮਿਆਰਾਂ ਨੂੰ ਅਪਡੇਟ ਕਰ ਰਹੇ ਹਾਂ। |

| ਐਕਸ਼ਨ | ਮਨਿਸਟਰੀ | ਹੁਣ ਤੱਕ ਦੀ ਤਰੱਕੀ |
|---|---|---|
| **3.4** ਵਸਤਾਂ ਅਤੇ ਸੇਵਾਵਾਂ ਨੂੰ ਖ੍ਰੀਦਣ ਨਾਲ ਸੰਬੰਧਿਤ ਨੀਤੀਆਂ ਅਤੇ ਅਮਲਾਂ ਵਿਚ ਪਹੁੰਚਯੋਗਤਾ ਦੇ ਮਾਪਦੰਡਾਂ ਨੂੰ ਸ਼ਾਮਲ ਕਰਨ ਲਈ ਕੰਮ ਕਰਨਾ ਜਾਰੀ ਰੱਖਣਾ।<br>**ਜਾਰੀ** | **ਮਨਿਸਟਰੀ ਔਫ ਫਾਇਨੈਂਸ** | ➢ ਬਰਾਬਰ ਅਤੇ ਪਹੁੰਚਯੋਗ ਪਹੁੰਚ ਦੀ ਮਦਦ ਕਰਨ ਲਈ ਵਸਤਾਂ ਅਤੇ ਸੇਵਾਵਾਂ ਨੂੰ ਖ੍ਰੀਦਣ ਦੀ ਨੀਤੀ ਦਾ ਖਰੜਾ ਤਿਆਰ ਕੀਤਾ।<br>➢ ਪਹੁੰਚਯੋਗਤਾ ਸੁਧਾਰਾਂ ਵਾਲੇ ਕਾਰਪੋਰੇਟ ਸੌਲੀਸੀਟੇਸ਼ਨ ਟੈਂਪਲੇਟਾਂ ਦਾ ਖਰੜਾ ਤਿਆਰ ਕੀਤਾ, ਜੋ ਇਸ ਵੇਲੇ ਕਾਨੂੰਨੀ ਰਿਵੀਊ ਵਿਚ ਦੀ ਲੰਘ ਰਿਹਾ ਹੈ।<br>➢ ਇਹ ਯਕੀਨੀ ਬਣਾਉਣ ਲਈ ਠੇਕੇਦਾਰਾਂ ਨਾਲ ਕੰਮ ਕੀਤਾ ਕਿ ਫਰੰਟ-ਲਾਈਨ ਸਰਵਿਸ ਟੈਕਸ ਦੇਣ ਵਾਲਿਆਂ ਲਈ ਨਿੱਜੀ ਤੌਰ 'ਤੇ, ਫੋਨ ਰਾਹੀਂ ਅਤੇ ਔਨਲਾਈਨ ਪਹੁੰਚਯੋਗ ਹੋਵੇ। ਇਸ ਤੋਂ ਇਲਾਵਾ, ਕਮਿਊਨੀਕੇਸ਼ਨ ਦੀਆਂ ਰੁਕਾਵਟਾਂ ਦਾ ਸਾਹਮਣਾ ਕਰਨ ਵਾਲੇ ਲੋਕਾਂ ਦੀ ਮਦਦ ਲਈ ਸਹਾਇਕ ਤਕਨਾਲੋਜੀ ਦੀ ਵਰਤੋਂ ਲਾਗੂ ਕੀਤੀ। |
| **3.5** ਬੀ ਸੀ ਰੀਬੇਟ ਫਾਰ ਐਕਸੈਸੇਬਲ ਹੋਮ ਐਡਾਪਟੇਸ਼ਨਜ਼ ਰਾਹੀਂ ਡਿਸਏਬਿਲਟੀਜ਼ ਵਾਲੇ ਲੋਕਾਂ ਦੀ ਆਪਣੇ ਘਰਾਂ ਨੂੰ ਪਹੁੰਚਯੋਗਤਾ ਵਿਚ ਸੁਧਾਰ ਲਈ ਤਬਦੀਲੀਆਂ ਕਰਨ ਲਈ ਮਦਦ ਕਰਨਾ।<br>**ਜਾਰੀ** | **ਮਨਿਸਟਰੀ ਔਫ ਹਾਊਸਿੰਗ** | ➢ ਘਰਾਂ ਵਿਚ ਪਹੁੰਚਯੋਗਤਾ ਲਈ ਤਬਦੀਲੀਆਂ ਕਰਨ ਵਿਚ ਮਦਦ ਕਰਨ ਲਈ, ਬੀ ਸੀ ਹਾਊਸਿੰਗ ਰਾਹੀਂ $5 ਮਿਲੀਅਨ ਦੇ ਸਲਾਨਾ ਬਜਟ ਨਾਲ ਰੀਬੇਟ ਪ੍ਰੋਗਰਾਮ ਲਾਗੂ ਕੀਤਾ।<br>➢ ਸਾਲ 2021-22 ਵਿਚ, 481 ਫਾਇਲਾਂ ਮਨਜ਼ੂਰ ਹੋਈਆਂ ਸਨ। 2022-23 ਵਿਚ, 339 ਫਾਈਲਾਂ ਮਨਜ਼ੂਰ ਹੋਈਆਂ ਸਨ। |

| ਐਕਸ਼ਨ | ਮਨਿਸਟਰੀ | ਹੁਣ ਤੱਕ ਦੀ ਤਰੱਕੀ |
|---|---|---|
| **3.6** ਸਥਾਨਕ ਸਰਕਾਰਾਂ ਅਤੇ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀਆਂ ਸੰਸਥਾਵਾਂ ਲਈ ਗ੍ਰਾਂਟ ਪ੍ਰੋਗਰਾਮਾਂ ਅਧੀਨ ਵੱਡੇ (ਕੈਪੀਟਲ) ਪ੍ਰੋਜੈਕਟਾਂ ਲਈ ਫੰਡਿੰਗ ਲੈਣ ਲਈ ਪਹੁੰਚਯੋਗਤਾ ਨੂੰ ਯੋਗਤਾ ਦੇ ਮਾਪਦੰਡ ਵਜੋਂ ਰੱਖ ਕੇ ਬਿਲਡਿੰਗਾਂ ਵਿਚ ਪਹੁੰਚਯੋਗਤਾ ਨੂੰ ਉਤਸ਼ਾਹਿਤ ਕਰਨਾ।<br>**ਮੁਕੰਮਲ** | **ਮਨਿਸਟਰੀ ਔਫ ਮਿਊਨਿਸਪਲ ਅਫੇਅਰਜ਼** | ➢ ਕੈਪੀਟਲ ਗ੍ਰਾਂਟ ਪ੍ਰੋਗਰਾਮਾਂ ਹੇਠ ਲੋਕਾਂ ਦੀ ਵਰਤੋਂ ਵਾਲੀਆਂ ਸਾਰੀਆਂ ਸੰਪਤੀਆਂ ਲਈ ਹੁਣ ਪਹੁੰਚਯੋਗਤਾ ਯੋਗਤਾ ਦਾ ਇਕ ਮਾਪਦੰਡ ਹੈ।<br>➢ ਐਕਸੈਸੇਬਿਲਟੀ ਫੇਸਿੰਗ ਇੰਡੀਕੇਟਰ (ਏ ਐੱਫ ਆਈ) ਵਾਲੇ 93 ਮਨਜ਼ੂਰਸ਼ੁਦਾ ਪ੍ਰੋਜੈਕਟਾਂ ਨੇ ਐਕਸੈਸੇਬਿਲਟੀ ਮੈਟ ਇੰਡੀਕੇਟਰ (ਏ ਐੱਮ ਆਈ) ਨੂੰ ਪੂਰਾ ਕੀਤਾ ਹੈ। |
| **3.7** ਇਲੈਕਟ੍ਰਿਕ ਸਕੂਟਰਾਂ ਵਰਗੇ ਸ਼ੇਅਰਡ ਮੋਬਿਲਟੀ ਯੰਤਰਾਂ ਦੀ ਸੁਰੱਖਿਅਤ ਚਲਾਈ ਨੂੰ ਯਕੀਨੀ ਬਣਾਉਣ ਲਈ ਸਥਾਨਕ ਸਰਕਾਰਾਂ ਅਤੇ ਡਿਸਏਬਿਲਟੀ ਭਾਈਚਾਰੇ ਨਾਲ ਕੰਮ ਕਰਨਾ।<br>**ਜਾਰੀ** | **ਮਨਿਸਟਰੀ ਔਫ ਟ੍ਰਾਂਸਪੋਰਟੇਸ਼ਨ ਐਂਡ ਇਨਫ੍ਰਾਸਟਰੱਕਚਰ** | ➢ ਨੁਕਸਾਨ ਦੀ ਜ਼ਦ ਵਿਚ ਆ ਸਕਣ ਵਾਲੇ ਸੜਕ ਦੀ ਵਰਤੋਂ ਕਰਨ ਵਾਲਿਆਂ ਦੀ ਰੱਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਆਵਾਜਾਈ ਦੇ ਹੋਰ ਸਾਧਨਾਂ ਨੂੰ ਉਤਸ਼ਾਹਿਤ ਕਰਨ ਲਈ ਮੋਟਰ ਵਹੀਕਲ ਐਕਟ ਵਿਚ ਤਬਦੀਲੀਆਂ ਪੇਸ਼ ਕੀਤੀਆਂ।<br>➢ ਈ-ਮੋਬਿਲਟੀ ਦੀ ਸੇਫਟੀ ਦਾ ਮੁਲਾਂਕਣ ਕਰਨ ਲਈ ਈ-ਮੋਬਿਲਟੀ ਪਾਇਲਟ ਪ੍ਰੋਜੈਕਟ ਨੂੰ 2028 ਤੱਕ ਚਾਲੂ ਰੱਖਣਾ। |

| ਐਕਸ਼ਨ | ਮਨਿਸਟਰੀ | ਹੁਣ ਤੱਕ ਦੀ ਤਰੱਕੀ |
|---|---|---|
| **3.8** ਸਰਵਵਿਆਪੀ (ਯੂਨੀਵਰਸਲ) ਡਿਜ਼ਾਈਨ ਦੇ ਸਿਧਾਂਤਾਂ ਦੇ ਆਧਾਰ 'ਤੇ ਸਮੁੱਚੇ ਅਤੇ ਜ਼ਿਆਦਾ ਸਰਗਰਮ ਆਵਾਜਾਈ ਦੇ ਸਿਸਟਮ ਬਣਾਉਣ ਲਈ ਮੂਲਵਾਸੀ ਅਤੇ ਸਥਾਨਕ ਸਰਕਾਰਾਂ ਨੂੰ ਫੰਡ ਦੇਣਾ ਜਾਰੀ ਰੱਖਣਾ।<br>**ਜਾਰੀ** | **ਮਨਿਸਟਰੀ ਔਫ ਟ੍ਰਾਂਸਪੋਰਟੇਸ਼ਨ ਐਂਡ ਇਨਫ੍ਰਾਸਟਰੱਕਚਰ** | ➢ ਪਹੁੰਚਯੋਗਤਾ ਅਤੇ ਕਾਇਮ ਰਹਿਣ ਯੋਗਤਾ ਲਈ ਆਵਾਜਾਈ ਅਤੇ ਜ਼ਮੀਨ ਦੀ ਵਰਤੋਂ ਦੀ ਪਲੈਨਿੰਗ ਨੂੰ ਬਿਹਤਰ ਢੰਗ ਨਾਲ ਮੇਲਣ ਲਈ ਪਲੈਨਿੰਗ ਦਾ ਇਕ ਸਮੁੱਚਾ ਉੱਦਮ ਸ਼ੁਰੂ ਕਰ ਰਹੇ ਹਾਂ।<br>➢ ਸਰਗਰਮ ਆਵਾਜਾਈ ਨਾਲ ਲਾਏ ਜਾਣ ਵਾਲੇ ਟ੍ਰਿਪਾਂ ਦੀ ਪ੍ਰਤੀਸ਼ਤ ਨੂੰ ਦੁੱਗਣਾ ਕਰਨ ਲਈ ਇਕ ਜਾਰੀ ਰਹਿਣ ਵਾਲੀ ਯੋਜਨਾ ਦੀ ਹਿਮਾਇਤ ਕਰ ਰਹੇ ਹਾਂ, ਜਿਸ ਵਿਚ ਸਰਗਰਮ ਆਵਾਜਾਈ ਸੇਵਾਵਾਂ ਨੂੰ ਡਿਜ਼ਾਈਨ ਕਰਨ ਵਿਚ ਪਹੁੰਚਯੋਗਤਾ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ।<br>➢ ਲੋਕਾਂ ਨੂੰ ਸਾਲ ਭਰ ਸੁਰੱਖਿਅਤ ਯਾਤਰਾ ਮਾਰਗਾਂ ਤੱਕ ਪਹੁੰਚ ਪ੍ਰਦਾਨ ਕਰਨ ਲਈ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦੀ ਲਾਗਤ ਸਾਂਝੀ ਕਰਨ ਲਈ ਮੂਲਵਾਸੀ ਅਤੇ ਸਥਾਨਕ ਸਰਕਾਰਾਂ ਨੂੰ $24.8 ਮਿਲੀਅਨ ਦਿੱਤੇ ਗਏ। |
| **3.9** ਬੀ.ਸੀ. ਕੋਰੈਕਸ਼ਨਜ਼ ਦੀਆਂ ਪੁਰਾਣੀਆਂ ਥਾਂਵਾਂ ਦੀ ਮੁਰੰਮਤ ਕਰਨ ਜਾਂ ਇਨ੍ਹਾਂ ਨੂੰ ਬਦਲਣ ਸਮੇਂ ਸਮਕਾਲੀ ਡਿਜ਼ਾਈਨ ਅਤੇ ਪਹੁੰਚਯੋਗਤਾ ਦੇ ਸੁਧਾਰਾਂ ਨੂੰ ਸ਼ਾਮਲ ਕਰਨਾ। ਉਦਾਹਰਣ ਲਈ, ਨਨਾਇਮੋ ਕੋਰੈਕਸ਼ਨਲ ਸੈਂਟਰ ਬਦਲਣ ਦਾ ਪ੍ਰੋਜੈਕਟ 2024 ਵਿਚ ਪੂਰਾ ਹੋਣ ਦੀ ਉਮੀਦ ਹੈ।<br>**ਜਾਰੀ** | **ਮਨਿਸਟਰੀ ਔਫ ਪਬਲਿਕ ਸੇਫਟੀ ਐਂਡ ਸੋਲਿਸਟਰ ਜਨਰਲ** | ➢ ਕਮਿਊਨਿਟੀ ਕੋਰੈਕਸ਼ਨਜ਼ ਦੇ ਦਫਤਰਾਂ ਦੀ ਪਲੈਨ ਅਤੇ ਡਿਜ਼ਾਇਨ ਤਿਆਰ ਕਰਨ, ਨਵੇਂ ਕੋਰੈਕਸ਼ਨਲ ਸੈਂਟਰ ਬਣਾਉਣ, ਅਤੇ ਮੌਜੂਦਾ ਕੋਰੈਕਸ਼ਨਲ ਸੈਂਟਰਾਂ ਦੀ ਮੁਰੰਮਤ ਅਤੇ ਅੱਪਗ੍ਰੇਡ ਕਰਨ ਵਿਚ ਪਹੁੰਚਯੋਗਤਾ ਦੇ ਵਿਚਾਰਾਂ ਨੂੰ ਸ਼ਾਮਲ ਕੀਤਾ। |

# ਤਰਜੀਹ 4: ਬੀ ਸੀ ਪਬਲਿਕ ਸਰਵਿਸ ਵਿਚ ਰੁਜ਼ਗਾਰ

| ਐਕਸ਼ਨ | ਮਨਿਸਟਰੀ | ਹੁਣ ਤੱਕ ਦੀ ਤਰੱਕੀ |
|---|---|---|
| **4.1** ਵਿਭਿੰਨਤਾ ਅਤੇ ਸ਼ਮੂਲੀਅਤ ਲਈ ਸਾਡੀ ਤਿੰਨ-ਸਾਲਾ ਯੋਜਨਾ "ਜਿੱਥੇ ਅਸੀਂ ਸਾਰੇ ਸੰਬੰਧਿਤ ਹਾਂ" ਨੂੰ ਇਹ ਯਕੀਨੀ ਬਣਾਉਣ ਲਈ ਲਾਗੂ ਕਰਨਾ ਕਿ ਪਬਲਿਕ ਸਰਵਿਸ ਸੂਬਾ ਦਾ ਅਕਸ ਦਿਖਾਉਂਦੀ ਹੈ ਅਤੇ ਆਦਿਵਾਸੀ ਲੋਕਾਂ, ਘੱਟ ਗਿਣਤੀ ਭਾਈਚਾਰਿਆਂ, ਇਮੀਗਰਾਂਟਾਂ, ਡਿਸਏਬਲ ਵਿਅਕਤੀਆਂ, ਅਤੇ ਐੱਲ ਜੀ ਬੀ ਟੀ ਕਿਊ2ਐੱਸ + ਭਾਈਚਾਰੇ ਨੂੰ ਸ਼ਾਮਲ ਕਰਦੀ ਹੈ।<br><br>**ਮੁਕੰਮਲ** | **ਪਬਲਿਕ ਸਰਵਿਸ ਏਜੰਸੀ** | ➢ ਪਹੁੰਚਯੋਗਤਾ ਅਤੇ ਸ਼ਮੂਲੀਅਤ ਵਾਲੀ ਭਰਤੀ `ਤੇ ਸਿੱਖਣ ਦੇ ਨਵੇਂ ਕਾਰਪੋਰੇਟ ਮੌਕੇ ਵਿਕਸਿਤ ਕੀਤੇ।<br>➢ ਮੁਲਾਜ਼ਮਾਂ ਦੇ ਵੱਖ ਵੱਖ ਅਨੁਭਵ ਨੂੰ ਬਿਹਤਰ ਢੰਗ ਨਾਲ ਸਹਿਯੋਗ ਦੇਣ ਲਈ ਬੈਨੇਫਿਟ ਪਲੈਨ ਨੂੰ ਵਧਾਇਆ। ਮੁਲਾਜ਼ਮਾਂ ਦੇ ਵੱਖ ਵੱਖ ਅਨੁਭਵ ਨੂੰ ਬਿਹਤਰ ਢੰਗ ਨਾਲ ਸਹਿਯੋਗ ਦੇਣ ਲਈ ਬੈਨੇਫਿਟ ਪਲੈਨ ਨੂੰ ਵਧਾਇਆ।<br>➢ ਸਰਕਾਰੀ ਆਦੇਸ਼ਾਂ ਵਾਲੀਆਂ ਚਿੱਠੀਆਂ ਅਤੇ ਕਾਰਗੁਜ਼ਾਰੀ ਬਾਰੇ ਵਿਚਾਰ ਲੈ ਕੇ ਕੰਮ ਵਾਲੀਆਂ ਥਾਂਵਾਂ ਨੂੰ ਸ਼ਾਮਲ ਕਰਨ ਵਾਲੀਆਂ ਬਣਾਉਣ ਲਈ ਜਵਾਬਦੇਹੀ ਨੂੰ ਸ਼ਾਮਲ ਕੀਤਾ। |
| **4.2** ਪਹੁੰਚਯੋਗਤਾ ਅਤੇ ਰੁਕਾਵਟਾਂ ਨੂੰ ਦੂਰ ਕਰਨ ਵਾਲੀ ਤਬਦੀਲੀ (ਅਕਾਮੋਡੇਸ਼ਨ) ਦੇ ਸੰਬੰਧ ਵਿਚ ਬੀ.ਸੀ.ਪਬਲਿਕ ਸਰਵਿਸ ਦੇ ਭਰਤੀ ਕਰਨ ਵਾਲੇ ਮੈਨੇਜਰਾਂ ਅਤੇ ਜੌਬ ਲਈ ਐਪਲੀਕੇਸ਼ਨ ਕਰਨ ਵਾਲਿਆਂ ਦੀ ਬਿਹਤਰ ਮਦਦ ਕਰਨ ਲਈ ਇਕ ਕੇਂਦਰੀ ਸਿਸਟਮ ਤਿਆਰ ਕਰਨਾ।<br><br>**ਜਾਰੀ** | **ਪਬਲਿਕ ਸਰਵਿਸ ਏਜੰਸੀ** | ➢ ਪਹੁੰਚਯੋਗਤਾ ਦੇ ਨਜ਼ਰੀਏ ਨਾਲ ਭਰਤੀ ਕਰਨ ਲਈ ਟੂਲਜ਼ ਵਿਕਸਿਤ ਕਰ ਰਹੇ ਹਾਂ।<br>➢ ਸੁਪਰਵਾਈਜ਼ਰਾਂ ਅਤੇ ਮੁਲਾਜ਼ਮਾਂ ਲਈ ਤਬਦੀਲੀਆਂ (ਅਕਾਮੋਡੇਸ਼ਨਜ਼) ਵਿਚ ਮਦਦ ਕਰਨ ਲਈ ਇਕ ਟੂਲ ਦਾ ਪਤਾ ਲਾ ਰਹੇ ਹਾਂ। |

| ਐਕਸ਼ਨ | ਮਨਿਸਟਰੀ | ਹੁਣ ਤੱਕ ਦੀ ਤਰੱਕੀ |
|---|---|---|
| **4.3** ਵਰਕ-ਏਬਲ ਇੰਟਰਨਸ਼ਿਪ ਪ੍ਰੋਗਰਾਮ ਰਾਹੀਂ ਰੁਕਾਵਟਾਂ ਦਾ ਸਾਹਮਣਾ ਕਰ ਰਹੇ ਮੁਲਾਜ਼ਮਾਂ ਦੀ ਫਾਇਦੇਮੰਦ ਰੁਜ਼ਗਾਰ ਪ੍ਰਾਪਤ ਕਰਨ ਵਿਚ ਮਦਦ ਕਰਨ ਲਈ ਸਿੱਖਿਆ, ਕੋਚਿੰਗ, ਅਤੇ ਮੈਂਟਰਸ਼ਿਪ (ਸੇਧ) ਪ੍ਰਦਾਨ ਕਰਨਾ। ਵਰਕ-ਏਬਲ ਉਨ੍ਹਾਂ ਤਾਜ਼ਾ (ਪਿਛਲੇ ਤਿੰਨ ਸਾਲਾਂ ਦੇ) ਪੋਸਟ-ਸੈਕੰਡਰੀ ਗ੍ਰੈਜੁਏਟਾਂ ਲਈ ਬੀ.ਸੀ. ਪਬਲਿਕ ਸਰਵਿਸ ਨਾਲ 12-ਮਹੀਨੇ ਦੀ ਤਨਖਾਹ ਵਾਲੀ ਇੰਟਰਨਸ਼ਿਪ ਹੈ ਜੋ ਆਪਣੀ ਪਛਾਣ ਡਿਸਏਬਿਲਟੀ ਵਾਲਿਆਂ ਵਜੋਂ ਕਰਦੇ ਹਨ।<br>**ਮੁਕੰਮਲ** | **ਪਬਲਿਕ ਸਰਵਿਸ ਏਜੰਸੀ** | ➢ ਵਰਕ-ਏਬਲ ਇੰਟਰਨਸ਼ਿਪ ਦੀ ਮਦਦ ਕੀਤੀ, ਜਿਸ ਨੇ 19 ਤੋਂ ਵੱਧ ਮਨਿਸਟਰੀਆਂ ਵਿਚ 148 ਤੋਂ ਵੱਧ ਇੰਟਰਨਾਂ ਨੂੰ ਰੱਖਿਆ ਹੈ।<br>➢ ਸੁਪਰਵਾਈਜ਼ਰਾਂ ਅਤੇ ਸਲਾਹਕਾਰਾਂ ਲਈ ਡਿਸਏਬਿਲਟੀ ਅਤੇ ਰੁਕਾਵਟਾਂ ਨੂੰ ਦੂਰ ਕਰਨ ਵਾਲੀਆਂ ਤਬਦੀਲੀਆਂ (ਅਕਾਮੋਡੇਸ਼ਨਜ਼) ਦੇ ਸੰਬੰਧ ਵਿਚ ਉਨ੍ਹਾਂ ਦੀ ਸਮਰੱਥਾ ਬਣਾਉਣ ਲਈ ਸਰੋਤ ਵਿਕਸਿਤ ਕੀਤੇ।<br>➢ ਇੰਟਰਨਾਂ ਨੂੰ ਜੌਬ ਦੀ ਭਾਲ ਅਤੇ ਕੈਰੀਅਰ ਵਿਕਾਸ ਬਾਰੇ ਸਿੱਖਣ ਦੇ ਮੌਕੇ ਪ੍ਰਦਾਨ ਕੀਤੇ। |
| **4.4** ਬੀ.ਸੀ. ਦੀ ਪਬਲਿਕ ਸਰਵਿਸ ਵਿਚ ਜੋਬਾਂ ਨੂੰ ਉਤਸ਼ਾਹਿਤ ਕਰਨ ਲਈ ਡਿਸਏਬਿਲਟੀ ਨਾਲ ਸੰਬੰਧਿਤ ਸਰਵਿਸ ਦੇਣ ਵਾਲੀਆਂ ਸੰਸਥਾਵਾਂ ਤੱਕ ਪਹੁੰਚ ਕਰਨਾ।<br>**ਮੁਕੰਮਲ** | **ਪਬਲਿਕ ਸਰਵਿਸ ਏਜੰਸੀ** | ➢ ਸਾਲ 2023-24 ਵਿਚਕਾਰ 13 ਨਿਯਤ ਸਮਾਗਮਾਂ ਨਾਲ ਇਕੁਇਟੀ-ਯੋਗ ਗਰੁੱਪਾਂ ਤੱਕ ਪਹੁੰਚ ਕਰਨ ਨੂੰ ਤਰਜੀਹ ਦਿੱਤੀ।<br>➢ ਰੁਜ਼ਗਾਰ ਦੀਆਂ ਸੇਵਾਵਾਂ ਦੇਣ ਵਾਲੀਆਂ ਹੋਰ ਪਹੁੰਚਯੋਗਤਾ ਦਾ ਕੰਮ ਕਰਦੀਆਂ ਸੰਸਥਾਵਾਂ `ਤੇ ਖੋਜ ਪੂਰੀ ਕੀਤੀ। |
| **4.5** ਰੁਕਾਵਟਾਂ ਨੂੰ ਦੂਰ ਕਰਨ ਦੇ ਪ੍ਰਬੰਧ ਕਰਨ ਦੇ ਫਰਜ਼ ਅਤੇ ਨਾਲ ਜੁੜੀਆਂ ਹੋਰ ਮਨੁੱਖੀ ਅਧਿਕਾਰਾਂ ਦੀਆਂ ਜ਼ਿੰਮੇਵਾਰੀਆਂ ਦੇ ਸੰਬੰਧ ਵਿਚ ਮੌਜੂਦਾ ਨੀਤੀ ਅਤੇ ਕਾਰਵਾਈਆਂ ਦਾ ਰਿਵੀਊ ਕਰਨਾ ਅਤੇ ਜਿੱਥੇ ਲੋੜ ਹੋਵੇ ਇਸ ਨੂੰ ਅਪਡੇਟ ਕਰਨਾ ਅਤੇ ਇਹ ਯਕੀਨੀ ਬਣਾਉਣਾ ਕਿ ਸਟਾਫ ਅਤੇ ਭਰਤੀ ਕਰਨ ਵਾਲੇ ਮੈਨੇਜਰਾਂ ਲਈ ਟਰੇਨਿੰਗ ਅਤੇ ਮਦਦ ਉਪਲਬਧ ਹੈ।<br>**ਜਾਰੀ** | **ਪਬਲਿਕ ਸਰਵਿਸ ਏਜੰਸੀ** | ➢ ਪਬਲਿਕ ਸਰਵਿਸ ਵਿਚ ਡਿਸਏਬਿਲਟੀਜ਼ ਵਾਲੇ ਵਿਅਕਤੀਆਂ ਲਈ ਅਰਗੋਨੋਮਿਕ ਫਰਨੀਚਰ ਦੀ ਵਿਵਸਥਾ ਨੂੰ ਸੁਧਾਰਨ ਲਈ ਸਰਕਾਰ ਭਰ ਦੀਆਂ ਮਨਿਸਟਰੀਆਂ ਨੂੰ ਸ਼ਾਮਲ ਕੀਤਾ।<br>➢ ਪਬਲਿਕ ਸਰਵਿਸ ਵਿਚ ਡਿਸਏਬਿਲਟੀਜ਼ ਵਾਲੇ ਵਿਅਕਤੀਆਂ ਲਈ ਸਹਾਇਕ ਤਕਨਾਲੋਜੀਆਂ ਦੀ ਵਿਵਸਥਾ ਨੂੰ ਸੁਧਾਰਨ ਲਈ ਮਨਿਸਟਰੀਆਂ ਨੂੰ ਸ਼ਾਮਲ ਕੀਤਾ। |

# ਤਰਜੀਹ 5: ਵਸਤੂਆਂ ਅਤੇ ਸੇਵਾਵਾਂ ਦੀ ਡਿਲਿਵਰੀ

| ਐਕਸ਼ਨ | ਮਨਿਸਟਰੀ | ਹੁਣ ਤੱਕ ਦੀ ਤਰੱਕੀ |
|---|---|---|
| **5.1** ਡਿਸਏਬਿਲਟੀਜ਼ ਵਾਲੇ ਸਿੱਖਿਆਰਥੀਆਂ ਲਈ ਪੋਸਟ-ਸੈਕੰਡਰੀ ਸਿੱਖਿਆ ਤੱਕ ਪਹੁੰਚ ਕਰਨ ਵਿਚ ਰੁਕਾਵਟਾਂ ਨੂੰ ਦੂਰ ਕਰਨ ਲਈ ਸਟੂਡੈਂਟਏਡ ਬੀ ਸੀ ਵਲੋਂ ਚਲਾਏ ਜਾਂਦੇ ਪ੍ਰੋਗਰਾਮਾਂ ਦੇ ਸਿਲਸਿਲੇ ਨੂੰ ਆਧੁਨਿਕ ਬਣਾਉਣਾ।<br>**ਜਾਰੀ** | **ਮਨਿਸਟਰੀ ਔਫ ਪਬਲਿਕ ਸੇਫਟੀ ਐਂਡ ਸੋਲਿਸਟਰ ਜਨਰਲ** | ➢ ਨਾਬਰਾਬਰੀ ਨੂੰ ਦੂਰ ਕਰਨ ਲਈ ਸਟੂਡੈਂਟਏਡ ਬੀ ਸੀ ਦੇ ਐਕਸੈਸੇਬਿਲਟੀ ਪ੍ਰੋਗਰਾਮ ਦੀ ਨੀਤੀ ਨੂੰ ਸੋਧਿਆ।<br>➢ ਲਰਨਿੰਗ ਡਿਸਏਬਿਲਟੀ ਅਸੈੱਸਮੈਂਟ ਬਰਸਰੀ (ਵਜ਼ੀਫੇ) ਦੀ ਰਕਮ ਵਧਾਈ।<br>➢ ਅਸਿਸਟਿਵ ਟੈਕਨੌਲੋਜੀ ਦੇ ਸੰਸਥਾਈ ਲੋਨ ਲਈ ਪ੍ਰੋਗਰਾਮ ਜਾਰੀ ਰੱਖਿਆ ਅਤੇ ਵਧਾਇਆ। |
| **5.2** ਪਰਿਵਾਰਾਂ ਨੂੰ ਬਿਨਾਂ ਕਿਸੇ ਰੈਫਰਲ ਜਾਂ ਪਛਾਣ ਦੇ, ਮਦਦ ਦੀ ਲੋੜ ਵਾਲੇ ਬੱਚਿਆਂ ਅਤੇ ਜਵਾਨਾਂ ਲਈ ਪਹੁੰਚਯੋਗ ਅਤੇ ਸ਼ਮੂਲੀਅਤ ਵਾਲੀਆ ਸੇਵਾਵਾਂ ਦੇਣ ਲਈ ਫੈਮਿਲੀ ਕੋਨੈਕਸ਼ਨਜ਼ ਸੈਂਟਰ ਸ਼ੁਰੂ ਕੀਤੇ।<br>**ਜਾਰੀ** | **ਮਨਿਸਟਰੀ ਔਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ** | ➢ ਕਲੋਨਾ, ਪ੍ਰਿੰਸ ਰੂਪਰਟ, ਟੈਰਸ ਅਤੇ ਸਮਿਦਰਜ਼ ਵਿਚ ਮਦਦ ਦੀ ਲੋੜ ਵਾਲੇ ਬੱਚਿਆਂ ਅਤੇ ਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਸਰਵਿਸ ਦੀ ਇਕ ਨਵੀਂ ਪਹੁੰਚ ਟੈੱਸਟ ਕਰਨ ਲਈ ਇਕ ਪਾਇਲਟ ਪ੍ਰੋਗਰਾਮ ਸ਼ੁਰੂ ਕੀਤਾ।<br>➢ ਸੈਂਟਰ ਬਹੁ-ਅਨੁਸ਼ਾਸਨੀ ਟੀਮਾਂ ਰਾਹੀਂ ਕਈ ਤਰ੍ਹਾਂ ਦੀਆਂ ਸੇਵਾਵਾਂ ਦਿੰਦੇ ਹਨ ਅਤੇ ਇਨ੍ਹਾਂ ਤੱਕ ਐੱਮ ਸੀ ਐੱਫ ਡੀ ਦੀ ਸ਼ਮੂਲੀਅਤ ਤੋਂ ਬਿਨਾਂ ਪਹੁੰਚ ਕੀਤੀ ਜਾ ਸਕਦੀ ਹੈ। |
| **5.3** ਵਿਸ਼ੇਸ਼ ਘਰਾਂ ਅਤੇ ਮਦਦ ਦੀਆਂ ਸੇਵਾਵਾਂ ਦੇ ਉੱਦਮ ਨੂੰ ਮੁੜ ਡਿਜ਼ਾਈਨ ਕਰਨਾ ਤਾਂ ਜੋ ਬੱਚਿਆਂ ਅਤੇ ਜਵਾਨਾਂ ਲਈ ਮੁੱਖ ਰੋਕਥਾਮ ਅਤੇ ਸ਼ੁਰੂਆਤੀ ਦਖਲਅੰਦਾਜ਼ੀ ਵਾਲੀ ਮਦਦ ਤੱਕ ਪਹੁੰਚ ਨੂੰ ਬਿਹਤਰ ਬਣਾਇਆ ਜਾ ਸਕੇ, ਜਿਸ ਵਿਚ ਆਰਾਮ, ਘੱਟ-ਰੁਕਾਵਟ ਵਾਲੀ ਸਥਿਰਤਾ, ਐਮਰਜੈਂਸੀ ਵਿਚ ਦੇਖਭਾਲ, ਅਤੇ ਲੌਂਗ-ਟਰਮ ਸਪੈਸ਼ਲਾਈਜ਼ਡ ਕੇਅਰ ਸ਼ਾਮਲ ਹੈ।<br>**ਜਾਰੀ** | **ਮਨਿਸਟਰੀ ਔਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ** | ➢ ਬੱਚਿਆਂ ਅਤੇ ਜਵਾਨਾਂ ਨੂੰ ਸੇਵਾਵਾਂ ਦੇਣ ਅਤੇ ਦੇਖਭਾਲ ਲਈ ਇਕ ਨਵੀਂ ਪਹੁੰਚ ਵਿਕਸਿਤ ਕਰ ਰਹੀ ਹੈ।<br>➢ ਇਸ ਵੇਲੇ ਮਦਦ ਦੀਆਂ ਲੋੜਾਂ ਵਾਲੇ ਬੱਚਿਆਂ ਅਤੇ ਜਵਾਨਾਂ ਦੀ ਸਹਾਇਤਾ ਲਈ ਨਵੇਂ ਸਿਸਟਮਾਂ ਅਤੇ ਪਹੁੰਚਾਂ ਬਾਰੇ ਜਾਣਕਾਰੀ ਲੈਣ ਲਈ ਜਨਤਕ ਸ਼ਮੂਲੀਅਤ ਕਰਵਾ ਰਹੀ ਹੈ। |

| ਐਕਸ਼ਨ | ਮਨਿਸਟਰੀ | ਹੁਣ ਤੱਕ ਦੀ ਤਰੱਕੀ |
|---|---|---|
| **5.4** ਵਰਕਫੋਰਸ ਡਿਵੈਲਪਮੈਂਟ ਐਗਰੀਮੈਂਟ ਪ੍ਰੋਗਰਾਮਾਂ ਨੂੰ ਜਾਰੀ ਰੱਖਣਾ ਤਾਂ ਜੋ ਪਹੁੰਚਯੋਗਤਾ ਲਈ ਮਦਦ, ਸਹਾਇਤਾ ਕਰਨ ਵਾਲੀ (ਅਡੈਪਟਿਵ) ਤਕਨਾਲੋਜੀ, ਅਤੇ ਡਿਸਏਬਿਲਟੀਜ਼ ਵਾਲੇ ਲੋਕਾਂ ਦੀ ਟਰੇਨਿੰਗ ਜਾਂ ਰੁਜ਼ਗਾਰ ਵਿਚ ਹਿੱਸੇਦਾਰੀ ਦੇ ਰਾਹ ਵਿਚ ਆਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਨ ਦੇ ਹੋਰ ਸਾਧਨ ਪ੍ਰਦਾਨ ਕੀਤੇ ਜਾ ਸਕਣ।<br><br>**ਜਾਰੀ** | **ਮਨਿਸਟਰੀ ਔਫ ਸੋਸ਼ਲ ਡਿਵੈਲਪਮੈਂਟ ਐਂਡ ਪੌਵਰਟੀ ਰਿਡਕਸ਼ਨ**<br><br>**ਮਨਿਸਟਰੀ ਔਫ ਪੋਸਟ-ਸੈਕੰਡਰੀ ਐਜੂਕੇਸ਼ਨ ਐਂਡ ਫਿਊਚਰ ਸਕਿਲਜ਼** | ➢ ਰੁਜ਼ਗਾਰ ਲਈ ਹੁਨਰਾਂ ਦੀ ਟਰੇਨਿੰਗ ਅਤੇ ਸਕਿਲਡ ਟਰੇਡਜ਼ ਬੀ ਸੀ ਅਪਰੈਂਟਿਸਸ਼ਿਪ ਪ੍ਰੋਗਰਾਮ ਨੇ 2022-23 ਵਿਚ ਡਿਸਏਬਿਲਟੀਜ਼ ਵਾਲੇ ਲੋਕਾਂ ਲਈ ਪ੍ਰੋਗਰਾਮ ਸ਼ੁਰੂ ਕੀਤੇ।<br>➢ ਇਨ੍ਹਾਂ ਪ੍ਰੋਗਰਾਮਾਂ ਤੋਂ ਸਿੱਖੇ ਗਏ ਸਬਕਾਂ ਨੂੰ ਇਕੁਇਟੀ-ਯੋਗ ਗਰੁੱਪਾਂ ਦੇ ਮੈਂਬਰਾਂ ਲਈ ਪ੍ਰੋਗਰਾਮਾਂ ਵਿਚ ਸ਼ਾਮਲ ਕੀਤਾ ਜਾਵੇਗਾ।<br>➢ ਡਿਸਏਬਿਲਟੀਜ਼ ਵਾਲੇ ਲੋਕ ਜੌਬ ਲੱਭਣ ਅਤੇ ਕਾਇਮ ਰੱਖਣ ਵਿਚ ਮਦਦ ਲਈ ਕਈ ਤਰ੍ਹਾਂ ਦੀਆਂ ਵਿਸ਼ੇਸ਼ ਦਖਲਅੰਦਾਜ਼ੀਆਂ ਲਈ ਯੋਗ ਹਨ, ਜਿਸ ਵਿਚ ਰੁਜ਼ਗਾਰ ਨਾਲ ਸੰਬੰਧਿਤ ਡਿਸਏਬਿਲਟੀ ਮਦਦਾਂ, ਜਿਵੇਂ ਕਿ ਸਹਾਇਤਾ ਕਰਨ ਵਾਲਾ (ਅਡੈਪਟਿਵ) ਸਾਜ਼-ਸਾਮਾਨ ਅਤੇ ਕੰਪਿਊਟਰ ਸੌਫਟਵੇਅਰ ਸ਼ਾਮਲ ਹੈ। |
| **5.5** ਵਿਦਿਆਰਥੀਆਂ ਲਈ ਪੋਸਟ-ਸੈਕੰਡਰੀ ਅਤੇ ਟਰੇਡਜ਼ ਦੀ ਟਰੇਨਿੰਗ ਦੇ ਮੌਕਿਆਂ ਤੱਕ ਜ਼ਿਆਦਾ ਪਹੁੰਚ ਪ੍ਰਦਾਨ ਕਰਨ ਲਈ ਟੂਰਿਜ਼ਮ ਟਰੇਨਿੰਗ ਦੀਆਂ ਗਰਾਂਟਾਂ ਵਿਚ ਨਿਵੇਸ਼ ਕਰਨਾ। ਘੱਟ ਨੁਮਾਇੰਦਗੀ ਵਾਲੇ ਗਰੁੱਪਾਂ ਤੋਂ ਅਰਜ਼ੀਆਂ ਨੂੰ ਤਰਜੀਹ ਦਿੱਤੀ ਜਾਵੇਗੀ: ਮੂਲਵਾਸੀ ਇਮੀਗਰਾਂਟ, ਰਫਿਊਜੀ ਵਿਦਿਆਰਥੀ, ਪੇਂਡੂ ਜਾਂ ਦੂਰ-ਦੁਰਾਡੇ ਇਲਾਕਿਆਂ ਦੇ ਵਿਦਿਆਰਥੀ, ਅਤੇ ਪਹੁੰਚਯੋਗਤਾ ਦੀਆਂ ਲੋੜਾਂ ਵਾਲੇ ਵਿਦਿਆਰਥੀ।<br><br>**ਜਾਰੀ** | **ਮਨਿਸਟਰੀ ਔਫ ਟੂਰਿਜ਼ਮ, ਆਰਟਸ, ਕਲਚਰ ਐਂਡ ਸਪੋਰਟ** | ➢ ਮੂਲਵਾਸੀ ਟੂਰਿਜ਼ਮ ਵਰਕਰਾਂ ਲਈ ਮੂਲਵਾਸੀ-ਅਗਵਾਈ ਵਾਲੇ, ਸੱਭਿਆਚਾਰਕ ਕੇਂਦਰਿਤ ਟਰੇਨਿੰਗ ਅਤੇ ਵਿਦਿਆ ਦੇ ਮੌਕਿਆਂ ਦੀ ਹਿਮਾਇਤ ਕਰਨ ਲਈ ਇਨਡਿਜਨੈਸ ਟੂਰਿਜ਼ਮ ਬੀ.ਸੀ. ਨਾਲ ਭਾਈਵਾਲੀ ਕੀਤੀ। |

| ਐਕਸ਼ਨ | ਮਨਿਸਟਰੀ | ਹੁਣ ਤੱਕ ਦੀ ਤਰੱਕੀ |
|---|---|---|
| **5.6** ਬੀ.ਸੀ. ਦੀ ਵਸੀਲਿਆਂ ਵਾਲੀ ਇਕੌਨਮੀ ਦੇ ਸਾਰੇ ਖੇਤਰਾਂ ਵਿਚ ਕੰਮ ਕਰ ਰਹੇ ਡਿਸਏਬਿਲਟੀਜ਼ ਵਾਲੇ ਲੋਕਾਂ ਦੀ ਮਦਦ ਜਾਰੀ ਰੱਖਣਾ, ਉਦਾਹਰਣ ਲਈ ਐਂਪਲੀਫਾਈ ਬੀਸੀ ਦੇ ਪ੍ਰੋਗਰਾਮਾਂ ਲਈ ਫੰਡਾਂ ਦੀ ਵੰਡ ਵਿਚ ਮਹੱਤਵਪੂਰਨ ਮਾਪਦੰਡ ਅਤੇ ਤਰਜੀਹ ਰਾਹੀਂ।<br>**ਜਾਰੀ** | **ਮਨਿਸਟਰੀ ਔਫ ਟੂਰਿਜ਼ਮ, ਆਰਟਸ, ਕਲਚਰ ਐਂਡ ਸਪੋਰਟ** | ➢ ਫਿਲਮ ਇੰਡਸਟਰੀ ਵਿਚ ਡਿਸਏਬਿਲਟੀਜ਼ ਵਾਲੇ ਲੋਕਾਂ ਦੀ ਸ਼ਮੂਲੀਅਤ ਦਾ ਸਮਰਥਨ ਕਰਨ ਵਾਲੇ ਕ੍ਰੀਏਟਿਵ ਇਕੁਇਟੀ ਰੋਡਮੈਪ ਨੂੰ ਵਿਕਸਿਤ ਕਰਨ ਵਿੱਚ ਕ੍ਰੀਏਟਿਵ ਬੀ ਸੀ ਦੀ ਹਿਮਾਇਤ ਕੀਤੀ। |
| **5.7** ਇਕੁਇਟੀ ਐਂਡ ਅਮਰਜਿੰਗ ਡਿਵੈਲਪਮੈਂਟ ਪ੍ਰੋਗਰਾਮ ਰਾਹੀਂ ਡਿਸਏਬਿਲਟੀਜ਼ ਵਾਲੇ ਲੋਕਾਂ ਸਮੇਤ ਉਭਰ ਰਹੇ ਅਤੇ ਇਕੁਇਟੀ-ਯੋਗ ਬੀ.ਸੀ. ਦੇ ਫਿਲਮ ਨਿਰਮਾਤਾਵਾਂ ਲਈ ਫੰਡਿੰਗ ਤੱਕ ਪਹੁੰਚ ਵਧਾਉਣਾ।<br>**ਜਾਰੀ** | **ਮਨਿਸਟਰੀ ਔਫ ਟੂਰਿਜ਼ਮ, ਆਰਟਸ, ਕਲਚਰ ਐਂਡ ਸਪੋਰਟ** | ➢ ਡਿਸਏਬਿਲਟੀਜ਼ ਵਾਲੇ ਲੋਕਾਂ ਸਮੇਤ ਇਕੁਇਟੀ-ਯੋਗ ਗਰੁੱਪਾਂ ਦੇ ਬੀ.ਸੀ. ਦੇ ਫਿਲਮ ਨਿਰਮਾਤਾਵਾਂ ਲਈ (ਇਕੁਇਟੀ ਐਂਡ ਅਮਰਜਿੰਗ ਡਿਵੈਲਪਮੈਂਟ ਪ੍ਰੋਗਰਾਮ ਰਾਹੀਂ) $750,000 ਦੀ ਫੰਡਿੰਗ ਦਾ ਐਲਾਨ ਕੀਤਾ। |
| **5.8** ਆਫਟਰ ਸਕੂਲ ਸਪੋਰਟ ਐਂਡ ਆਰਟਸ ਇਨੀਸ਼ੀਏਟਿਵ ਨੂੰ ਜਾਰੀ ਰੱਖਣਾ ਜੋ ਸਮਰਪਿਤ ਪਹੁੰਚਯੋਗਤਾ ਫੰਡਿੰਗ ਰਾਹੀਂ ਹਿੱਸਾ ਲੈਣ ਵਿਚ ਰੁਕਾਵਟਾਂ ਦਾ ਸਾਹਮਣਾ ਕਰਨ ਵਾਲੇ ਵਿਦਿਆਰਥੀਆਂ ਲਈ ਮੁਫਤ ਖੇਡਾਂ, ਸਰੀਰਕ ਸਰਗਰਮੀ, ਅਤੇ ਰਚਨਾਤਮਕ ਕਲਾ ਦੇ ਮੌਕੇ ਪ੍ਰਦਾਨ ਕਰਦਾ ਹੈ।<br>**ਜਾਰੀ** | **ਮਨਿਸਟਰੀ ਔਫ ਟੂਰਿਜ਼ਮ, ਆਰਟਸ, ਕਲਚਰ ਐਂਡ ਸਪੋਰਟ** | ➢ 22 ਸਕੂਲ ਜ਼ਿਲ੍ਹਿਆਂ ਵਿਚ ਆਫਟਰ ਸਕੂਲ ਸਪੋਰਟਸ ਐਂਡ ਆਰਟਸ ਇਨੀਸ਼ੀਏਟਿਵ (ਏ ਐੱਸ ਐੱਸ ਏ ਆਈ) ਲਈ ਸਾਲਾਨਾ $1.4 ਮਿਲੀਅਨ ਪ੍ਰਦਾਨ ਕੀਤੇ।<br>➢ ਸਾਲ 2022-23 ਵਿੱਚ, 10,000 ਘੱਟ-ਪ੍ਰਤੀਨਿਧਤਾ ਵਾਲੇ ਜਵਾਨਾਂ ਨੇ ਏ ਐੱਸ ਐੱਸ ਏ ਆਈ ਵਿਚ ਹਿੱਸਾ ਲਿਆ, ਜਿਸ ਵਿਚ ਡਿਸਏਬਿਲਟੀਜ਼ ਵਾਲੇ 1,300 ਜਵਾਨ ਸ਼ਾਮਲ ਸਨ। |

| ਐਕਸ਼ਨ | ਮਨਿਸਟਰੀ | ਹੁਣ ਤੱਕ ਦੀ ਤਰੱਕੀ |
|---|---|---|
| **5.9** ਬੀ.ਸੀ. ਵਿਚ ਸੈਰ-ਸਪਾਟੇ ਲਈ ਵਿਉਂਤਬੱਧ ਢਾਂਚੇ ਰਾਹੀਂ ਬੀ.ਸੀ. ਦਾ ਹਰ ਕਿਸੇ ਨੂੰ ਸ਼ਾਮਲ ਕਰਨ ਵਾਲੇ ਅਤੇ ਸਵਾਗਤ ਕਰਨ ਵਾਲੇ ਟਿਕਾਣੇ ਵਜੋਂ ਪ੍ਰਚਾਰ ਕਰਨਾ। ਇਹ ਢਾਂਚਾ ਸੈਰ-ਸਪਾਟੇ ਦੀਆਂ ਅਜਿਹੀਆਂ ਵਸਤਾਂ, ਸੇਵਾਵਾਂ ਅਤੇ ਤਜਰਬੇ ਅਪਣਾਉਣ ਵਿਚ ਟੂਰਿਜ਼ਮ ਇੰਡਸਟਰੀ ਦੀ ਮਦਦ ਕਰਦਾ ਹੈ ਜੋ ਹਰ ਕਿਸੇ ਨੂੰ ਸ਼ਾਮਲ ਕਰਨ ਵਾਲੀਆਂ ਅਤੇ ਪਹੁੰਚਯੋਗ ਹੋਣ।<br><br>**ਜਾਰੀ** | **ਮਨਿਸਟਰੀ ਔਫ ਟੂਰਿਜ਼ਮ, ਆਰਟਸ, ਕਲਚਰ ਐਂਡ ਸਪੋਰਟ** | ➢ ਸਾਲ 2022-23 ਵਿਚ ਪਹੁੰਚਯੋਗਤਾ ਨਾਲ ਸੰਬੰਧਿਤ ਟੂਰਿਜ਼ਮ ਦੇ ਮੌਜੂਦਾ ਪ੍ਰੋਜੈਕਟਾਂ ਨੂੰ ਅੱਪਗ੍ਰੇਡ ਕਰਨ ਅਤੇ ਨਵੇਂ ਵਿਕਸਿਤ ਕਰਨ ਵਿਚ ਨਿਵੇਸ਼ ਕੀਤਾ।<br>➢ ਸਫ਼ਰ ਨਾਲ ਸੰਬੰਧਿਤ ਸਹੂਲਤਾਂ, ਆਕਰਸ਼ਣਾਂ ਅਤੇ ਅਨੁਭਵਾਂ ਬਾਰੇ ਪਹੁੰਚਯੋਗਤਾ ਨਾਲ ਸੰਬੰਧਿਤ ਜਾਣਕਾਰੀ ਦਿੱਤੀ।<br>➢ ਟੂਰਿਜ਼ਮ ਦੇ ਕਾਰੋਬਾਰਾਂ ਦੀ ਜ਼ਿਆਦਾ ਪਹੁੰਚਯੋਗ ਅਤੇ ਸ਼ਾਮਲ ਕਰਨ ਵਾਲੇ ਬਣਨ ਵਿਚ ਮਦਦ ਲਈ ਸਾਧਨ ਅਤੇ ਸਰੋਤ ਪ੍ਰਦਾਨ ਕੀਤੇ। |
| **5.10** ਡਿਸਏਬਿਲਟੀਜ਼ ਵਾਲੇ ਵਿਅਕਤੀਆਂ, ਨਵੇਂ ਇਮੀਗਰਾਂਟਾਂ, ਜਵਾਨਾਂ, ਅਤੇ ਕਮਜ਼ੋਰ ਆਬਾਦੀਆਂ ਦੀ ਭਰਤੀ ਨੂੰ ਉਤਸ਼ਾਹ ਦੇ ਕੇ ਟੂਰਿਜ਼ਮ ਇੰਡਸਟਰੀ ਵਿਚ ਮੁਲਾਜ਼ਮਾਂ ਦੀ ਕਮੀ ਨੂੰ ਦੂਰ ਕਰਨ ਲਈ ਡੈਸਟੀਨੇਸ਼ਨ ਬੀ ਸੀ ਅਤੇ ਇੰਡਸਟਰੀ ਦੇ ਭਾਈਵਾਲਾਂ ਜਿਨ੍ਹਾਂ ਵਿਚ go2HR ਵੀ ਸ਼ਾਮਲ ਹੈ, ਨਾਲ ਨੇੜਿਓਂ ਕੰਮ ਕਰਨਾ।<br><br>**ਜਾਰੀ** | **ਮਨਿਸਟਰੀ ਔਫ ਟੂਰਿਜ਼ਮ, ਆਰਟਸ, ਕਲਚਰ ਐਂਡ ਸਪੋਰਟ** | ➢ ਟੂਰਿਜ਼ਮ ਦੇ ਕਾਰੋਬਾਰਾਂ ਨੂੰ ਜ਼ਿਆਦਾ ਸ਼ਮੂਲੀਅਤ ਵਾਲੇ ਤਰੀਕੇ ਨਾਲ ਭਰਤੀ ਕਰਨ ਅਤੇ ਕੰਮ ਦਾ ਸ਼ਮੂਲੀਅਤ ਵਾਲਾ ਮਾਹੌਲ ਪੈਦਾ ਕਰਨ ਵਿਚ ਮਦਦ ਕਰਨ ਲਈ ਸਾਧਨ ਅਤੇ ਸਰੋਤ ਪ੍ਰਦਾਨ ਕੀਤੇ।<br>➢ ਪਹੁੰਚਯੋਗਤਾ ਅਤੇ ਸ਼ਮੂਲੀਅਤ ਨੂੰ ਬਿਹਤਰ ਬਣਾਉਣ ਲਈ ਟੂਰਿਜ਼ਮ ਅਤੇ ਮਹਿਮਾਨ-ਨਿਵਾਜ਼ੀ ਦੇ ਕਾਰੋਬਾਰਾਂ ਨੂੰ ਸਲਾਹ ਦੇਣ ਦੀਆਂ ਮੁਫ਼ਤ ਸੇਵਾਵਾਂ ਪ੍ਰਦਾਨ ਕਰਨ ਲਈ go2HR ਨਾਲ ਸਹਿਯੋਗ ਕੀਤਾ। |

# ਐਕਸੈਸੇਬਿਲਟੀ ਫੀਡਬੈਕ ਟੂਲ

ਐਕਸੈਸੇਬਿਲਟੀ ਫੀਡਬੈਕ ਟੂਲ ਰਾਹੀਂ ਮਿਲੀ ਫੀਡਬੈਕ (ਜਾਣਕਾਰੀ) ਸੰਬੰਧਿਤ ਮਨਿਸਟਰੀ ਨਾਲ ਸਾਂਝੀ ਕੀਤੀ ਜਾਂਦੀ ਹੈ। ਮਨਿਸਟਰੀਆਂ ਕੋਲ ਇਹ ਅਖ਼ਤਿਆਰ ਹੈ ਕਿ ਉਨ੍ਹਾਂ ਨੇ ਫੀਡਬੈਕ ਨਾਲ ਕਿਵੇਂ ਨਿਪਟਣਾ ਹੈ। ਕੁਝ ਮਾਮਲਿਆਂ ਵਿਚ, ਮਨਿਸਟਰੀਆਂ ਨੇ ਮਿਲੀ ਫੀਡਬੈਕ ਨਾਲ ਨਿਪਟਣ ਲਈ ਕੀਤੀਆਂ ਗਈਆਂ ਤਬਦੀਲੀਆਂ ਦੀ ਸਰਗਰਮੀ ਨਾਲ ਰਿਪੋਰਟ ਦਿੱਤੀ ਹੈ।

| ਮਨਿਸਟਰੀ | ਲੋਕਾਂ ਦੀ ਫੀਡਬੈਕ | ਐਕਸ਼ਨ |
|---|---|---|
| **ਮਨਿਸਟਰੀ ਔਫ ਇਨਵਾਇਰਮੈਂਟ ਐਂਡ ਕਲਾਈਮੇਟ ਚੇਂਜ ਸਟਰੈਟਜੀ** | ਇਕ ਖਾਸ ਖੇਤਰ ਵਿਚ ਪਹੁੰਚਯੋਗ ਵਾਸ਼ਰੂਮ ਦੀਆਂ ਸਹੂਲਤਾਂ ਦੀ ਕਮੀ ਬਾਰੇ ਫਿਕਰ। | ➢ ਫੀਡਬੈਕ ਦੇ ਜਵਾਬ ਵਿਚ, ਮਨਿਸਟਰੀ ਨੇ 2024-2025 ਐਕਸੈਸੇਬਲ ਇਨਫ੍ਰਾਸਟਰੱਕਚਰ ਪ੍ਰੋਜੈਕਟ ਵਿਚ ਦਰਸਾਏ ਗਏ ਮੁਤਾਬਕ ਪਹੁੰਚਯੋਗਤਾ ਦੇ ਮਿਆਰ ਨੂੰ ਪੂਰਾ ਕਰਨ ਲਈ ਟੌਆਇਲਿਟਾਂ ਨੂੰ ਅੱਪਗ੍ਰੇਡ ਕਰਨ ਨੂੰ ਤਰਜੀਹ ਦਿੱਤੀ। |
| **ਮਨਿਸਟਰੀ ਔਫ ਸਿਟੀਜ਼ਨਜ਼ ਸਰਵਿਸਿਜ਼** | ਲੋਕਾਂ ਨੂੰ ਸਰਵਿਸ ਦੇਣ ਵਾਲੇ ਇਕ ਦਫਤਰ ਵਿਚ ਬਣੇ ਹੋਏ ਮਾਹੌਲ ਅਤੇ ਸਰਵਿਸ ਦੇਣ ਦੇ ਸੰਬੰਧ ਵਿਚ ਫਿਕਰ। | ➢ ਜਵਾਬ ਵਿਚ, ਮਨਿਸਟਰੀ ਨੇ ਵਿਅਕਤੀਗਤ ਸਹੂਲਤਾਂ ਲਈ ਇਕ ਸਹੂਲਤ ਸੁਧਾਰ ਯੋਜਨਾ ਅਤੇ ਨਵੇਂ ਤਕਨੀਕੀ ਮਿਆਰ ਸ਼ੁਰੂ ਕੀਤੇ ਹਨ। |
| **ਮਨਿਸਟਰੀ ਔਫ ਸਿਟੀਜ਼ਨਜ਼ ਸਰਵਿਸਿਜ਼** | ਪਬਲਿਕ ਸਰਵਿਸ ਦੇ ਸਟਾਫ ਨੂੰ ਸਹਾਇਕ ਤਕਨਾਲੋਜੀ ਅਤੇ ਸੰਬੰਧਿਤ ਮਦਦਾਂ ਦੀ ਲੋੜ ਹੋਣ 'ਤੇ ਪਹੁੰਚਯੋਗਤਾ ਦੀ ਕਮੀ ਬਾਰੇ ਫਿਕਰ। | ➢ ਮਨਿਸਟਰੀ ਨੇ ਪੜਤਾਲ ਕੀਤੀ। ਅੰਸ਼ਕ ਤੌਰ 'ਤੇ ਪਹੁੰਚਯੋਗਤਾ ਦੀਆਂ ਰੁਕਾਵਟਾਂ ਕਾਰਨ, ਇਹ ਸੇਵਾਵਾਂ ਸਹਾਇਕ ਤਕਨਾਲੋਜੀ ਦੇਣ ਲਈ ਨਵੀਆਂ ਨੀਤੀਆਂ ਨਾਲ, 2024 ਦੀ ਬਸੰਤ ਰੁੱਤ ਤੋਂ ਇਕ ਨਵੇਂ ਪ੍ਰੋਵਾਡਰ ਵਲੋਂ ਦਿੱਤੀਆਂ ਗਈਆਂ। |
| **ਮਨਿਸਟਰੀ ਔਫ ਸਿਟੀਜ਼ਨਜ਼ ਸਰਵਿਸਿਜ਼** | ਮੀਟਿੰਗ ਰੂਮਾਂ ਵਿਚ ਪਹੁੰਚਯੋਗ ਮੀਟਿੰਗ ਤਕਨਾਲੋਜੀ ਨਹੀਂ ਹੈ। | ➢ ਬੇਨਤੀ ਸ਼ੁਰੂ ਕੀਤੀ ਗਈ ਅਤੇ ਲਾਗੂ ਕਰਨ ਲਈ ਜ਼ਰੂਰੀ ਅਪਡੇਟਾਂ ਦੀ ਉਡੀਕ ਕੀਤੀ ਜਾ ਰਹੀ ਹੈ। |
| **ਮਨਿਸਟਰੀ ਔਫ ਐਮਰਜੰਸੀ ਮੈਨੇਜਮੈਂਟ ਐਂਡ ਕਲਾਈਮੇਟ ਰੈਡੀਨੈੱਸ** | ਐਮਰਜੈਂਸੀ ਵਿਚ ਪ੍ਰਬੰਧ ਬਾਰੇ ਜਾਣਕਾਰੀ ਅਤੇ ਸੇਵਾਵਾਂ ਪਹੁੰਚਯੋਗ ਨਹੀਂ ਹਨ। | ➢ ਐਮਰਜੈਂਸੀ ਵਿਚ ਜਾਣਕਾਰੀ ਅਤੇ ਸਰਵਿਸ ਦੀਆਂ ਮਦਦਾਂ ਵਿਚ ਹਾਲ ਹੀ ਵਿਚ ਕੀਤੀਆਂ ਗਈਆਂ ਤਬਦੀਲੀਆਂ ਦੱਸੀਆਂ ਗਈਆਂ ਰੁਕਾਵਟਾਂ ਦਾ ਹੱਲ ਕਰਦੀਆਂ ਹਨ। |
| **ਪਬਲਿਕ ਸਰਵਿਸ ਏਜੰਸੀ** | ਮਦਦਾਂ ਤੱਕ ਪਹੁੰਚ ਕਰਨ ਦੇ ਪਹੁੰਚਯੋਗ ਤਰੀਕਿਆਂ ਦੀ ਕਮੀ ਬਾਰੇ ਫਿਕਰ। | ➢ ਸਰਵਿਸ ਦੇਣ ਵਾਲਿਆਂ ਨੇ ਉਨ੍ਹਾਂ ਤਰੀਕਿਆਂ ਵਿਚ ਵਾਧਾ ਕੀਤਾ ਹੈ ਜਿਨ੍ਹਾਂ ਰਾਹੀਂ ਲੋਕ ਸੇਵਾਵਾਂ ਤੱਕ ਪਹੁੰਚ ਕਰ ਸਕਦੇ ਹਨ। |

| ਮਨਿਸਟਰੀ | ਲੋਕਾਂ ਦੀ ਫੀਡਬੈਕ | ਐਕਸ਼ਨ |
|---|---|---|
| **ਪਬਲਿਕ ਸਰਵਿਸ ਏਜੰਸੀ** | ਖਾਸ ਡਿਸਏਬਿਲਟੀਜ਼ ਨਾਲ ਸੰਬੰਧਿਤ ਜਾਣਕਾਰੀ ਦੀ ਘਾਟ ਬਾਰੇ ਫਿਕਰ। | ➢ ਫਿਕਰ ਨਾਲ ਨਿਪਟਣ ਲਈ, ਮਨਿਸਟਰੀ ਇਸ ਵਿਸ਼ੇ ਬਾਰੇ ਜਾਗਰੂਕਤਾ ਅਤੇ ਸਿੱਖਿਆ ਨੂੰ ਵਧਾਉਣ ਲਈ ਸਰਗਰਮੀ ਨਾਲ ਨਵੀਂ ਸਾਮੱਗਰੀ ਤਿਆਰ ਕਰ ਰਹੀ ਹੈ। |
| **ਪਬਲਿਕ ਸਰਵਿਸ ਏਜੰਸੀ** | ਸੰਭਾਵੀ ਐਪਲੀਕੇਸ਼ਨ ਕਰਨ ਵਾਲਿਆਂ ਨਾਲ ਗੱਲਬਾਤ ਕਰਨ ਵਿਚ ਅਸਪਸ਼ਟ ਜਾਂ ਬਾਹਰ ਰੱਖਣ ਵਾਲੀ ਭਾਸ਼ਾ ਬਾਰੇ ਫਿਕਰ। | ➢ ਇਹ ਪਹਿਲਾਂ ਹੀ ਤਬਦੀਲੀ ਦੇ ਖੇਤਰ ਵਜੋਂ ਪਛਾਣਿਆ ਗਿਆ ਸੀ ਅਤੇ ਇਨ੍ਹਾਂ ਰੁਕਾਵਟਾਂ ਨੂੰ ਦੂਰ ਕਰਨ ਲਈ ਅੱਪਡੇਟ ਕੀਤੀ ਟਰੇਨਿੰਗ ਅਤੇ ਸਰੋਤ ਵਿਕਸਿਤ ਕੀਤੇ ਜਾ ਰਹੇ ਹਨ। |
| **ਮਨਿਸਟਰੀ ਔਫ ਪਬਲਿਕ ਸੇਫਟੀ ਐਂਡ ਸੋਲਿਸਟਰ ਜਨਰਲ** | ਗਾਈਡ ਐਂਡ ਸਰਵਿਸ ਡੌਗ ਐਕਟ ਬਾਰੇ ਜਾਗਰੂਕਤਾ ਦੀ ਕਮੀ ਅਤੇ ਨਾ-ਪਹੁੰਚਯੋਗ ਜਾਣਕਾਰੀ ਬਾਰੇ ਫਿਕਰ। | ➢ ਫੀਡਬੈਕ ਵਿਚ ਪਛਾਣੇ ਗਏ ਸਰੋਤਾਂ ਨੂੰ ਹਾਲ ਹੀ ਵਿਚ ਪਹੁੰਚਯੋਗਤਾ ਦੇ ਮਿਆਰਾਂ ਨੂੰ ਪੂਰਾ ਕਰਨ ਲਈ ਅੱਪਡੇਟ ਕੀਤਾ ਗਿਆ ਹੈ। ਮਨਿਸਟਰੀ ਨੇ ਗਾਈਡ ਐਂਡ ਸਰਵਿਸ ਡੌਗ ਐਕਟ ਬਾਰੇ ਸਰਵਿਸ ਦੇਣ ਵਾਲਿਆਂ ਅਤੇ ਲੋਕਾਂ ਨੂੰ ਸਿੱਖਿਅਤ ਕਰਨ ਅਤੇ ਜਾਣਕਾਰੀ ਦੇਣ ਲਈ ਜਾਰੀ ਕੋਸ਼ਿਸ਼ਾਂ ਦੀ ਪਛਾਣ ਵੀ ਕੀਤੀ। |




BRITISH
COLUMBIA